



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post






To view our online newspaper visit punjabipost.ca/epaper | Vol 23* Issue 212 | Monday, 18 November 2024 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' *Online*ਰੋਜ਼ਾਨਾ ਪੜ੍ਹ ਸਕਦੇ ਹੋ


# ਵਿੰਟਰ ਲਾਈਟਸ ਫੈਸਟੀਵਲ 'ਤੇ ਟਾਈਗਰਜੀਤ ਸਿੰਘ ਫਾਊਂਡੇਸ਼ਨ ਨੇ ਮਿਰੇਕਲ ਆਨ ਮੇਨ ਸਟ੍ਰੀਟ ਤਹਿਤ ਵੰਡੇ ਖਿਡੌਣੇ

## 13 ਦਸੰਬਰ ਤੱਕ ਚੱਲੇਗੀ ਮੁਹਿੰਮ, ਇਸ ਸਾਲ ਫੂਡ ਡਰਾਈਵ ਵੀ ਕੀਤੀ ਗਈ ਹੈ ਸ਼ਾਮਿਲ



ਬਰੈਂਪਟਨ, 17 ਨਵੰਬਰ (ਪੋਸਟ ਬਿਊਰੋ): ਬਰੈਂਪਟਨ ਵਿਚ ਸਾਲਾਨਾ ਵਿੰਟਰ ਲਾਈਟਸ ਫੈਸਟੀਵਲ ਕ੍ਰਿਸਮਸ ਟ੍ਰੀ 'ਤੇ ਲਾਈਟਾਂ ਲਾਉਣ ਨਾਲ ਅਤੇ ਟਾਈਗਰਜੀਤ ਸਿੰਘ ਫਾਊਂਡੇਸ਼ਨ ਦੀ ਮਿਰੇਕਲ ਆਨ ਮੇਨ ਸਟ੍ਰੀਟ ਮੁਹਿੰਮ ਦੇ ਨਾਲ ਸ਼ੁਰੂ ਹੋ ਗਿਆ। ਮੁਹਿੰਮ ਦੌਰਾਨ ਸ਼ਹਿਰ ਦੇ ਬੱਚਿਆਂ ਨੂੰ ਖਿਡੌਣੇ ਵੰਡੇ ਗਏ। ਦਾਨ ਕੀਤੇ ਖਿਡੌਣਿਆਂ ਨਾਲ ਭਰੇ ਟਰੱਕ ਨਾਲ ਲੈ ਕੇ ਫਾਊਂਡੇਸ਼ਨ ਵਲੋਂ ਬਰੈਂਪਟਨ ਸਿਵਿਕ ਹਸਪਤਾਲ, ਦੀ ਬਰੈਂਪਟਨ ਫੂਡ ਹੱਬ, ਨਾਈਟਸ ਟੇਬਲ ਐਂਡ ਦੀ ਬੁਆਏਜ਼ ਐਂਡ ਗਰਲਜ਼ ਕਲੱਬ ਦਾ ਦੌਰਾ ਕੀਤਾ ਗਿਆ। ਜ਼ਿਕਰਯੋਗ ਹੈ ਕਿ ਫਾਊਂਡੇਸ਼ਨ ਵਲੋਂ ਇਸ ਸਾਲ ਫੂਡ ਡਰਾਈਵ ਵੀ ਸ਼ੁਰੂ ਕੀਤੀ ਗਈ ਹੈ।

ਮੇਅਰ ਪੈਟ੍ਰਿਕ ਬ੍ਰਾਊਨ, ਪੀਲ ਰੀਜਨਲ ਪੁਲਸ ਅਤੇ ਬਰੈਂਪਟਨ ਫਾਇਰ ਐਂਡ ਸੇਫਟੀ ਸਟੇਸ਼ਨਾਂ ਵਲੋਂ ਵੀ ਫਾਊਂਡੇਸ਼ਨ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਗਈ।

...ਬਾਕੀ ਪੰਨਾ 2 'ਤੇ

# ਡੈਨਮਾਰਕ ਦੀ ਵਿਕਟੋਰੀਆ ਕੇਜਾਰ ਦੇ ਸਿਰ ਸਜਿਆ ਮਿਸ ਯੂਨੀਵਰਸ ਦਾ ਤਾਜ



ਮੈਕਸੀਕੋਸਿਟੀ, 17 ਨਵੰਬਰ (ਪੋਸਟ ਬਿਊਰੋ): ਮੈਕਸੀਕੋ ਵਿੱਚ ਹੋਏ 73ਵੇਂ ਮਿਸ ਯੂਨੀਵਰਸ ਮੁਕਾਬਲੇ ਵਿਚ ਡੈਨਮਾਰਕ ਦੀ ਵਿਕਟੋਰੀਆ ਕੇਜਾਰ ਦੇ ਸਿਰ ਮਿਸ ਯੂਨੀਵਰਸ 2024 ਦਾ ਤਾਜ ਸਜ ਗਿਆ ਹੈ। ਉਨ੍ਹਾਂ ਨੇ 125 ਦੇਸ਼ਾਂ ਦੇ ਸਾਰੇ ਪ੍ਰਤੀਯੋਗੀਆਂ ਨੂੰ ਹਰਾ ਕੇ ਇਹ ਖਿਤਾਬ ਜਿੱਤਿਆ ਹੈ।

ਦੱਸ ਦੇਈਏ ਕਿ ਭਾਰਤ ਦੀ ਰੀਆ ਸਿੰਘਾ ਨੇ ਵੀ ਮਿਸ ਯੂਨੀਵਰਸ 2024 ਵਿੱਚ ਹਿੱਸਾ ਲਿਆ ਸੀ ਪਰ ਉਨ੍ਹਾਂ ਦਾ ਮਿਸ ਯੂਨੀਵਰਸ ਬਣਨ ਦਾ ਸੁਪਨਾ ਅਧੂਰਾ ਰਹਿ ਗਿਆ। ਰੀਆ ਸਿੰਘਾ ਨੂੰ ਲੈ ਕੇ ਉਮੀਦਾਂ ਸਨ ਕਿ ਉਹ ਮਿਸ

# ਮੇਲਾਨੀਆ ਜੋਲੀ ਨੇ ਕਿਹਾ- ਡੱਲਾ ਦੀ ਹਵਾਲਗੀ ਬਾਰੇ ਕੁਝ ਨਹੀਂ ਪਤਾ, ਭਾਰਤੀ ਡਿਪਲੋਮੈਟਾਂ ਨਾਲ ਕਰਾਂਗੀ ਗੱਲ



ਓਟਵਾ, 17 ਨਵੰਬਰ (ਪੋਸਟ ਬਿਊਰੋ): ਕੈਨੇਡਾ ਦੀ ਵਿਦੇਸ਼ ਮੰਤਰੀ ਮੇਲਾਨੀਆ ਜੋਲੀ ਨੇ ਅਰਸ਼ ਡੱਲਾ ਦੀ ਹਵਾਲਗੀ ਮਾਮਲੇ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ। 15 ਨਵੰਬਰ ਨੂੰ ਪੇਰੂ ਵਿੱਚ ਇੱਕ ਮੀਟਿੰਗ ਦੌਰਾਨ ਪੱਤਰਕਾਰਾਂ ਨਾਲ ਗੱਲ ਕਰਦਿਆਂ ਜੋਲੀ ਨੇ ਕਿਹਾ ਕਿ ਉਹ ਚੱਲ ਰਹੀ ਜਾਂਚ ਬਾਰੇ ਕੋਈ ਟਿੱਪਣੀ ਨਹੀਂ ਕਰਨਗੇ।

ਮੇਲਾਨੀਆ ਨੇ ਕਿਹਾ ਕਿ ਤੁਸੀਂ ਕਿਸ ਬਾਰੇ ਗੱਲ ਕਰ ਰਹੇ ਹੋ, ਇਸ ਬਾਰੇ ਉਨ੍ਹਾਂ ਨੂੰ ਕੋਈ ਖਾਸ ਜਾਣਕਾਰੀ ਨਹੀਂ ਹੈ, ਪਰ ਜੇਕਰ ਗ੍ਰਿਫਤਾਰੀ ਸਬੰਧੀ ਕੋਈ ਪੁੱਛਗਿੱਛ ਹੁੰਦੀ ਹੈ ਤਾਂ ਉਹ ਭਾਰਤੀ ਡਿਪਲੋਮੈਟਾਂ ਨਾਲ ਗੱਲ ਕਰਨਗੇ। ਇਸ ਤੋਂ ਇਲਾਵਾ ਵਿਦੇਸ਼ ਮੰਤਰਾਲੇ ਦੇ ਪੱਧਰ 'ਤੇ ਵੀ ਗੱਲਬਾਤ ਜਾਰੀ ਰਹੇਗੀ। ਉਨ੍ਹਾਂ ਕਿਹਾ ਕਿ ਉਹ ਭਾਰਤ ਦੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਦੇ ਸੰਪਰਕ ਵਿਚ ਵੀ ਸਨ।

ਜ਼ਿਕਰਯੋਗ ਹੈ ਕਿ ਅਰਸ਼ ਡੱਲਾ ਭਾਰਤ 'ਚ ਲੋੜੀਂਦਾ ਹੈ। ਕੈਨੇਡੀਅਨ ਪੁਲਿਸ ਨੇ ਡੱਲਾ ਨੂੰ 28 ਅਕਤੂਬਰ ਨੂੰ ਗ੍ਰਿਫ਼ਤਾਰ ਕੀਤਾ ਸੀ। ਉਸ ਦੀ ਗ੍ਰਿਫਤਾਰੀ ਤੋਂ ਬਾਅਦ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਸੀ ਕਿ ਡੱਲੇ ਨੂੰ ਭਾਰਤ ਹਵਾਲੇ ਕਰਨ ਦੀ ਮੰਗ ਕੀਤੀ ਜਾਵੇਗੀ। ਮੰਤਰਾਲੇ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਕੈਨੇਡਾ ਇਸ ਨੂੰ ਭਾਰਤ ਨੂੰ ਸੌਂਪ ਦੇਵੇਗਾ।

ਭਾਰਤ ਨੇ ਕੈਨੇਡਾ ਤੋਂ ਡੱਲਾ ਨੂੰ 2023 ਵਿੱਚ ਗ੍ਰਿਫਤਾਰ ਕਰਨ ਦੀ ਮੰਗ ਵੀ ਕੀਤੀ ਹੈ। ਪਰ ਕੈਨੇਡੀਅਨ ਸਰਕਾਰ ਨੇ ਉਸ ਸਮੇਂ ਇਸ ਨੂੰ ਰੱਦ ਕਰ ਦਿੱਤਾ ਸੀ। ਭਾਰਤ ਨੇ ਜਨਵਰੀ 2023 ਵਿੱਚ ਕੈਨੇਡਾ ਨੂੰ ਡੱਲਾ ਦੇ ਸ਼ੱਕੀ ਪਤੇ, ਭਾਰਤ ਵਿੱਚ ਉਸ ਦੇ ਲੈਣ-ਦੇਣ, ਉਸ ਦੀਆਂ ਜਾਇਦਾਦਾਂ ਅਤੇ ਮੋਬਾਈਲ ਨੰਬਰਾਂ ਬਾਰੇ ਸੂਚਿਤ ਕੀਤਾ ਸੀ।

# ਇਟਲੀ 'ਚ ਕਪੂਰਥਲਾ ਦੇ ਨੌਜਵਾਨ ਦੀ ਖੇਤਾਂ 'ਚ ਕੰਮ ਕਰਦੇ ਸਮੇਂ ਟਰੈਕਟਰ ਦੀ ਚਪੇਟ ਵਿਚ ਆਉਣ ਕਾਰਨ ਮੌਤ



ਚੰਡੀਗੜ੍ਹ, 17 ਨਵੰਬਰ (ਪੋਸਟ ਬਿਊਰੋ): ਪੰਜਾਬ ਦੇ ਸੁਲਤਾਨਪੁਰ ਲੋਧੀ ਦੇ ਇੱਕ ਵਿਅਕਤੀ ਦੀ ਇਟਲੀ ਵਿੱਚ ਮੌਤ ਹੋ ਗਈ। ਇਟਲੀ ਦੇ ਕੈਮਪਾਨੀਆ ਸੂਬੇ ਦੇ ਬੱਤੀ ਪਾਲੀਆ (ਸਾਲੇਰਨੋ) ਸ਼ਹਿਰ ਦੇ ਨੇੜੇ ਇਬੋਲੀ ਖੇਤਰ ਵਿੱਚ ਕੈਂਪੋਲੋਗੋ ਫਾਰਮ ਵਿੱਚ ਕੰਮ ਕਰਦੇ ਸਮੇਂ ਟਰੈਕਟਰ ਦੀ ਚਪੇਟ ਵਿੱਚ ਆਉਣ ਨਾਲ ਉਸਦੀ ਮੌਤ ਹੋ ਗਈ ਹੈ। ਮ੍ਰਿਤਕ ਦੀ ਪਹਿਚਾਣ ਸੁਲਤਾਨਪੁਰ ਲੋਧੀ ਦੇ ਪਿੰਡ ਤਾਸ਼ਪੁਰ ਵਾਸੀ ਮਨਜਿੰਦਰ ਸਿੰਘ ਵਜੋਂ ਹੋਈ ਹੈ।

ਉਸ ਦੇ ਨਾਲ ਕੰਮ ਕਰਨ ਵਾਲੇ ਮਨਿੰਦਰ ਸਿੰਘ ਬੱਲ ਨੇ ਪਰਿਵਾਰ ਨੂੰ ਦੱਸਿਆ ਕਿ ਮਨਜਿੰਦਰ ਇਕੱਲਾ ਹੀ ਖੇਤਾਂ ਵਿੱਚ ਹਲ ਵਾਹ ਰਿਹਾ ਸੀ ਅਤੇ ਉਹ ਦੁਪਹਿਰ ਸਮੇਂ ਆਪਣੇ ਸਾਥੀਆਂ ਨਾਲ ਕੰਮ ਛੱਡ ਕੇ ਥੋੜ੍ਹੀ ਦੂਰ ਖੇਤਾਂ ਵਿੱਚ ਆਰਾਮ ਕਰਨ ਚਲਾ ਗਿਆ। ਖੇਤ ਦੇ ਮਾਲਕ ਨੇ ਉਸ ਨੂੰ ਫੋਨ 'ਤੇ ਦੱਸਿਆ ਕਿ ਮਨਜਿੰਦਰ ਸਿੰਘ ਰਿੰਪਾ ਦਾ ਐਕਸੀਡੈਂਟ ਹੋ ਗਿਆ ਹੈ।

ਮਨਜਿੰਦਰ ਸਿੰਘ ਆਪਣੇ ਪਰਿਵਾਰ ਸਮੇਤ ਇਟਲੀ ਰਹਿੰਦਾ ਸੀ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ ਦੱਸ ਦੇਈਏ ਕਿ ਹਾਦਸੇ ਦੀ ਸੂਚਨਾ ਮਿਲਣ ਤੋਂ ਬਾਅਦ ਉਸਦੇ ਪਰਿਵਾਰਕ ਮੈਂਬਰਾਂ ਸਮੇਤ ਪਿੰਡ ਤਾਸ਼ਪੁਰ ਵਿੱਚ ਸੋਗ ਦਾ ਮਾਹੌਲ ਹੈ। ਉਥੋਂ ਦੀ ਪੁਲਿਸ ਨੇ ਮਨਜਿੰਦਰ ਦੀ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਪਰਿਵਾਰਕ ਮੈਂਬਰਾਂ ਵੱਲੋਂ ਪੁਲਿਸ ਨੂੰ ਬਿਆਨ ਵੀ ਦਰਜ ਕਰਵਾਏ ਗਏ ਹਨ।



















## ਅੱਜ ਨਾਮਾ

ਸੰਭਾਲਣਾ ਦੇਸ਼ ਟਰੰਪ ਨੇ ਜਨਵਰੀ ਵਿੱਚ,
ਵਿਵਾਦਾਂ ਵਿੱਚ ਅਗੇਤੇ ਉਹ ਛਾਈ ਜਾਂਦਾ।
ਨਿਯੁਕਤੀ ਕਰੇ ਤਾਂ ਝੱਟ ਵਿਵਾਦ ਛਿੜਦਾ,
ਨਾਲ ਹੀ ਝੜੀ ਬਿਆਨਾਂ ਦੀ ਲਾਈ ਜਾਂਦਾ।
ਕਿਹੜੇ ਮੁਲਕ ਵੱਲ ਕਿੰਜ ਸੰਬੰਧ ਰਹਿਣੇ,
ਆਪਣੀ ਨੀਤੀ ਦੇ ਨਕਸ਼ ਦਿਖਾਈ ਜਾਂਦਾ।
ਕਿਸੇ ਨੂੰ ਅੱਖਾਂ ਵੀ ਬੁੱਢਾ ਦਿਖਾਈ ਜਾਂਦਾ,
ਕਿਧਰੇ ਚੂਰੀ ਵੀ ਮਿੱਠੀ ਤਾਂ ਪਾਈ ਜਾਂਦਾ।
ਬਾਇਡਨ ਬੋਲਦਾ ਸ਼ਬਦ ਸੀ ਬਹੁਤ ਥੋੜ੍ਹੇ,
ਅਸਲੋਂ ਈ ਬੋਲਦਾ ਰਿਹਾ ਸੀ ਘੱਟ ਬੇਲੀ।
ਸਾਲਾਂ ਚਹੁੰ ਵਿੱਚ ਜਿੰਨਾ ਵੀ ਬੋਲਿਆ ਸੀ,
ਛਿਮਾਹੀ ਅੰਦਰ ਟਰੰਪ ਜਾਊ ਕੱਟ ਬੇਲੀ।

**ਤੀਸ ਮਾਰ ਖਾਂ**

# ਫ਼ਿਲੀਪੀਨਜ਼ 'ਚ ਆਇਆ ਤੂਫ਼ਾਨ, ਢਾਈ ਲੱਖ ਤੋਂ ਵੱਧ ਲੋਕ ਹੋਏ ਬੇਘਰ



ਮਾਨੀਲਾ, 17 ਨਵੰਬਰ (ਪੋਸਟ ਬਿਊਰੋ): ਫ਼ਿਲੀਪੀਨਜ਼ ਵਿਚ ਤੂਫਾਨ ਮੈਨ-ਯੀ (ਪੇਪਿਟੋ) ਕਾਰਨ ਬੀਕੋਲ ਖੇਤਰ ਦੇ ਲਗਭਗ ਢਾਈ ਲੱਖ ਲੋਕ ਬੇਘਰ ਹੋਏ ਹਨ। ਤੂਫਾਨ ਬੀਕੋਲ ਖੇਤਰ ਦੇ ਕੈਟੈਂਡੁਨੇਸ ਟਾਪੂ ਨਾਲ ਟਕਰਾਅ ਸਕਦਾ ਹੈ ਅਤੇ ਇਸ ਦੀ ਵੱਧ ਤੋਂ ਵੱਧ ਹਵਾ ਦੀ ਗਤੀ ਪਹਿਲਾਂ ਹੀ 215 ਕਿਲੋਮੀਟਰ ਪ੍ਰਤੀ ਘੰਟਾ (133 ਮੀਲ ਪ੍ਰਤੀ ਘੰਟਾ) ਤੱਕ ਪਹੁੰਚ ਗਈ ਹੈ।

ਜ਼ਮੀਨ ਖਿਸਕਣ, ਹੜ੍ਹਾਂ ਅਤੇ ਤੂਫ਼ਾਨ ਕਾਰਨ ਸੱਭ ਤੋਂ ਕਮਜ਼ੋਰ ਖੇਤਰਾਂ ਵਿੱਚ ਰਹਿਣ ਵਾਲੇ ਹਜ਼ਾਰਾਂ ਲੋਕ ਅਪਣੇ ਘਰ ਛੱਡਣ ਲਈ ਮਜਬੂਰ ਹੋਏ ਹਨ। ਮੈਨ-ਯੀ ਪਿਛਲੇ ਇਕ ਮਹੀਨੇ ਵਿਚ ਫ਼ਿਲੀਪੀਨਜ਼ ਵਿਚ ਆਉਣ ਵਾਲਾ ਛੇਵਾਂ ਤੂਫ਼ਾਨ ਹੈ।

ਇਸ ਹਫ਼ਤੇ ਦੇ ਸ਼ੁਰੂ ਵਿਚ ਉਤਰੀ ਫ਼ਿਲੀਪੀਨਜ਼ ਦੇ ਲੁਜੋਨ ਟਾਪੂ ਦੇ ਤੱਟੀ ਖੇਤਰ ਵਿਚ ਤੂਫ਼ਾਨ ਉਸਾਗੀ ਕਾਰਨ ਹਜ਼ਾਰਾਂ ਲੋਕ ਉਥੋਂ ਭੱਜਣ ਲਈ ਮਜਬੂਰ ਹੋਏ ਸਨ।

ਅਕਤੂਬਰ ਦੇ ਅਖ਼ੀਰ ਵਿਚ, ਫ਼ਿਲੀਪੀਨਜ਼ ਵਿਚ ਤੂਫ਼ਾਨ ਟਰਾਮੀ ਅਤੇ ਸੁਪਰ ਟਾਈਫੂਨ ਕੋਂਗ-ਰੇ ਕਾਰਨ ਘੱਟੋ-ਘੱਟ 145 ਲੋਕ ਮਾਰੇ ਗਏ ਸਨ। ਦੇਸ਼ ਭਰ 'ਚ ਖ਼ਰਾਬ ਮੌਸਮ ਤੋਂ ਪ੍ਰਭਾਵਿਤ ਲੋਕਾਂ ਦੀ ਗਿਣਤੀ 70 ਲੱਖ ਨੂੰ ਪਾਰ ਕਰ ਗਈ ਹੈ। ਨਵੰਬਰ ਦੇ ਸ਼ੁਰੂ ਵਿੱਚ, ਯਿੰਕਸਿੰਗ ਅਤੇ ਤੋਰਾਜੀ ਤੂਫ਼ਾਨ ਫ਼ਿਲੀਪੀਨਜ਼ ਵਿਚ ਆਏ, ਜਿਸ ਕਾਰਨ ਹਜ਼ਾਰਾਂ ਲੋਕ ਬੇਘਰ ਹੋ ਗਏ।

# ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਦੇ ਘਰ 'ਤੇ ਫਿਰ ਹਮਲਾ, ਸੁੱਟੇ ਗਏ ਅੱਗ ਦੇ ਗੋਲੇ





ਤਲਅਵੀਵ, 17 ਨਵੰਬਰ (ਪੋਸਟ ਬਿਊਰੋ): ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਸੀਜੇਰੀਆ ਸਥਿਤ ਘਰ 'ਤੇ ਫਿਰ ਹਮਲਾ ਹੋਇਆ ਹੈ। ਟਾਈਮਜ਼ ਆਫ਼ ਇਜ਼ਰਾਈਲ ਮੁਤਾਬਕ ਪ੍ਰਧਾਨ ਮੰਤਰੀ ਦੇ ਘਰ ਵੱਲ ਦੋ ਫਲੇਅਰ (ਅੱਗ ਦੇ ਗੋਲੇ) ਫਾਇਰ ਕੀਤੇ ਗਏ, ਜੋ ਘਰ ਦੇ ਵਿਹੜੇ ਵਿੱਚ ਡਿੱਗ ਪਏ। ਇਜ਼ਰਾਈਲ ਪੁਲਿਸ ਨੇ ਇਸ ਦੀ ਪੁਸ਼ਟੀ ਕੀਤੀ ਹੈ। ਹਮਲਾ ਕਿੱਥੋਂ ਹੋਇਆ ਅਤੇ ਕਿਸ ਨੇ ਕੀਤਾ, ਇਸ ਬਾਰੇ ਫਿਲਹਾਲ ਜਾਣਕਾਰੀ ਨਹੀਂ ਮਿਲ ਸਕੀ ਹੈ।

ਇਜ਼ਰਾਇਲੀ ਸੁਰੱਖਿਆ ਏਜੰਸੀ ਸ਼ਿਨ ਬੇਟ ਨੇ ਇਕ ਬਿਆਨ 'ਚ ਕਿਹਾ ਕਿ ਘਟਨਾ 'ਚ ਕਿਸੇ ਤਰ੍ਹਾਂ ਦੇ ਨੁਕਸਾਨ ਦੀ ਕੋਈ ਖਬਰ ਨਹੀਂ ਹੈ। ਸੁਰੱਖਿਆ ਏਜੰਸੀ ਨੇ ਇਹ ਵੀ ਕਿਹਾ ਕਿ ਹਮਲੇ ਦੇ ਸਮੇਂ ਨੇਤਨਯਾਹੂ ਅਤੇ ਉਨ੍ਹਾਂ ਦਾ ਪਰਿਵਾਰ ਘਰ ਵਿਚ ਨਹੀਂ ਸੀ। ਉਨ੍ਹਾਂ ਇਸ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਇਸ ਤੋਂ ਪਹਿਲਾਂ 19 ਅਕਤੂਬਰ ਨੂੰ ਨੇਤਨਯਾਹੂ ਦੇ ਘਰ 'ਤੇ ਹਿਜ਼ਬੁੱਲਾ ਨੇ ਹਮਲਾ ਕੀਤਾ ਸੀ। ਫਿਰ ਇੱਕ ਡਰੋਨ ਨੇਤਨਯਾਹੂ ਦੇ ਘਰ ਨੇੜੇ ਇੱਕ ਇਮਾਰਤ 'ਤੇ ਡਿੱਗਿਆ। ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਉਸ ਸਮੇਂ ਵੀ ਨੇਤਨਯਾਹੂ ਅਤੇ ਉਨ੍ਹਾਂ ਦੀ ਪਤਨੀ ਸਾਰਾ ਘਰ 'ਤੇ ਨਹੀਂ ਸਨ।

ਇਜ਼ਰਾਈਲ ਦੇ ਪ੍ਰਧਾਨ ਮੰਤਰੀ ਦੇ ਘਰ 'ਤੇ ਹੋਏ ਇਸ ਹਮਲੇ ਦੀ ਸਾਰੀਆਂ ਸਿਆਸੀ ਪਾਰਟੀਆਂ ਨੇ ਨਿੰਦਾ ਕੀਤੀ ਹੈ। ਵਿਰੋਧੀ ਧਿਰ ਦੇ ਨੇਤਾਵਾਂ ਯੇਅਰ ਲੈਪਿਡ ਅਤੇ ਬੈਨੀ ਗੈਂਟਜ਼ ਨੇ ਦੋਸ਼ੀਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ।

# ਵਿੰਟਰ ਲਾਈਟਸ ਫੈਸਟੀਵਲ 'ਤੇ ਟਾਈਗਰਜੀਤ ਸਿੰਘ ਫਾਊਂਡੇਸ਼ਨ ਨੇ ਮਿਰੇਕਲ ਆਨ ਮੇਨ ਸਟ੍ਰੀਟ ਤਹਿਤ ਵੰਡੇ ਖਿਡੌਣੇ

ਪੰਨਾ 1 ਦਾ ਬਾਕੀ

ਮੁਹਿੰਮ ਦੇ ਸਮਰਥਨ ਵਿਚ ਮੇਅਰ ਅਤੇ ਉਕਤ ਵਿਭਾਗਾਂ ਨੇ ਆਪਣੇ ਐਕਸ ਹੈਂਡਲ 'ਤੇ ਪੋਸਟ ਸਾਂਝੀ ਕਰ ਕੇ ਲੋਕਾਂ ਨੂੰ ਵੱਧ ਤੋਂ ਵੱਧ ਖਿਡੌਣੇ ਦਾਨ ਕਰਨ ਲਈ ਉਤਸ਼ਾਹਿਤ ਕੀਤਾ। ਦਾਨੀ ਸੱਜਣ ਖਿਡੌਣੇ ਸ਼ਹਿਰ ਦੇ ਸਾਰੇ ਫਾਇਰ ਸਟੇਸ਼ਨਾਂ 'ਤੇ ਖਿਡੌਣੇ ਛੱਡ ਸਕਦੇ ਹਨ। ਇਹ ਮੁਹਿੰਮ 13 ਦਸੰਬਰ ਤੱਕ ਚੱਲੇਗੀ। ਜ਼ਿਕਰਯੋਗ ਹੈ ਕਿ ਵਿੰਟਰ ਲਾਈਟਸ ਫੈਸਟੀਵਲ ਵਿਚ ਹਰ ਉਮਰ ਵਰਗ ਦੇ ਲੋਕ ਲਾਈਟਾਂ ਨਾਲ ਸਜਾਵਟ ਤੋਂ ਲੈ ਕੇ ਵਿੰਟਰ ਆਰਟਿਸਟ ਮਾਰਕੀਟ ਦਾ ਆਨੰਦ ਲੈ ਸਕਦੇ ਹਨ। ਫੈਸਟ ਵਿਚ ਰੋਮਾਂਚਕ ਰਾਈਡਜ਼ ਤੋਂ ਇਲਾਵਾ ਸੁਆਦੀ ਫੂਡ ਵੈਂਡਰਜ਼ ਅਤੇ 10 ਹਜ਼ਾਰ ਲਾਈਟਾਂ ਨਾਲ ਸਜਾਇਆ ਗਿਆ ਕ੍ਰਿਸਮਸ ਟ੍ਰੀ ਸ਼ਾਮਿਲ ਹੈ। ਇਹ ਫੈਸਟੀਵਲ ਫੀਲਡਗੇਟ ਡਿਵਲਪਮੈਂਟਸ, ਐਲੈਕਟ੍ਰਾ ਯੂਟਿਲਿਟੀਜ਼, ਸੀਏਏ, ਟੀਡੀ ਅਤੇ ਟਿਮ ਹਾਰਟਨਜ਼ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।













**TAX & ACCOUNTING**

TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX

**Harcharan S. Grover**
*Chartered Accountant*



ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ

Call for Professional Advice
905.247.0193
info@grovercpa.ca

GroverCPA Professional Corporation

214-7895 Tranmere Drive, Mississauga ON L5S 1V9

**Allseas Fisheries Inc. is Hiring!**
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

**Sponsor Your Family**

MacroGlobal Immigration Services Ltd.
Seema Bhayana
MEMBER iccrc



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

**SherGill Law Firm**
Barrister, Solicitor & Notary Public

Paramjit Singh Gill
(MBA,LL.B.)
Tel: 905-790-3636

Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters



2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਪੰਜਾਬ ਪੁਲਿਸ ਵੱਲੋਂ ਨਾਰਕੋ-ਆਰਮਜ਼ ਤਸਕਰੀ ਦਾ ਪਰਦਾਫਾਸ਼, ਦੋ ਕਾਬੂ

## 3.5 ਕਿਲੋਗ੍ਰਾਮ ਹੈਰੋਇਨ, 1.5 ਕਿਲੋਗ੍ਰਾਮ ਮੈਥਾਕੁਆਲੋਨ ਅਤੇ ਦੋ ਪਿਸਤੌਲਾਂ ਸਮੇਤ ਗਲਾਕ ਬਰਾਮਦ ਕੀਤਾ : ਡੀਜੀਪੀ



ਅੰਮ੍ਰਿਤਸਰ, 17 ਨਵੰਬਰ (ਗਿਆਨ ਸਿੰਘ): ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਹਥਿਆਰਾਂ ਦੇ ਕਾਰਟੇਲ ਦਾ ਪਰਦਾਫਾਸ਼ ਕਰਦਿਆਂ ਇੱਕ ਵੱਡੀ ਸਫਲਤਾ ਪ੍ਰਾਪਤ ਕੀਤੀ ਹੈ, ਜਿਸ ਤਹਿਤ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਉਹਨਾਂ ਦੇ ਕਬਜ਼ੇ ਵਿੱਚੋਂ 3.5 ਕਿਲੋਗ੍ਰਾਮ ਹੈਰੋਇਨ, 1.5 ਕਿਲੋਗ੍ਰਾਮ ਮੈਥਾਕਲੋਨ ਅਤੇ ਦੋ ਪਿਸਤੌਲਾਂ ਸਮੇਤ ਇੱਕ ਆਧੁਨਿਕ 9 ਐਮਐਮ ਗਲਾਕ ਬਰਾਮਦ ਕੀਤਾ ਹੈ।

ਇਹ ਜਾਣਕਾਰੀ ਦਿੰਦਿਆਂ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਦੱਸਿਆ ਕਿ ਫੜੇ ਗਏ ਵਿਅਕਤੀਆਂ ਦੀ ਪਛਾਣ ਵੰਸ਼ ਉਰਫ ਬਿੱਲਾ (23) ਵਾਸੀ ਬਿੱਲੇ ਵਾਲਾ ਚੌਕ ਅੰਮ੍ਰਿਤਸਰ ਅਤੇ ਸੋਨੂੰ ਚੌਰਸੀਆ (20) ਵਾਸੀ ਦਸਮੇਸ਼ ਨਗਰ ਅੰਮ੍ਰਿਤਸਰ ਵਜੋਂ ਹੋਈ ਹੈ।

ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਸਬੰਧੀ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਪੁਲਿਸ ਕਮਿਸ਼ਨਰ (ਸੀ.ਪੀ.) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਮੁਲਜ਼ਮ ਵੰਸ਼ ਉਰਫ਼ ਬਿੱਲਾ ਦੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਸ਼ਮੂਲੀਅਤ ਬਾਰੇ ਭਰੋਸੇਮੰਦ ਸੂਚਨਾਵਾਂ ਦੇ ਆਧਾਰ 'ਤੇ ਸੀ.ਆਈ.ਏ. ਅੰਮ੍ਰਿਤਸਰ ਦੀਆਂ ਪੁਲਿਸ ਟੀਮਾਂ ਨੇ ਜਾਲ ਵਿਛਾ ਕੇ ਉਸ ਨੂੰ ਮੋਹਕਮਪੁਰਾ ਇਲਾਕੇ 'ਚੋਂ ਗ੍ਰਿਫ਼ਤਾਰ ਕਰ ਲਿਆ ਅਤੇ ਉਸ ਦੇ ਕਬਜ਼ੇ 'ਚੋਂ 3.5 ਕਿਲੋ ਹੈਰੋਇਨ, 1.5 ਕਿਲੋ ਮੈਥਾਕੁਆਲੋਨ ਪਾਊਡਰ ਅਤੇ ਆਸਟ੍ਰੀਆ ਨਿਰਮਿਤ ਇਕ 9 ਐਮਐਮ ਗਲਾਕ ਪਿਸਤੌਲ ਬਰਾਮਦ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਸਬੰਧੀ ਮਿਲੀ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਇਕ ਹੋਰ ਕਾਰਵਾਈ ਦੌਰਾਨ ਪੁਲਿਸ ਟੀਮਾਂ ਨੇ ਮੋਹਕਮਪੁਰਾ ਦੇ ਇਲਾਕੇ ਵਿੱਚ ਬਟਾਲਾ ਰੋਡ 'ਤੇ ਸਨਸਿਟੀ ਮੋੜ ਤੋਂ ਦੋਸ਼ੀ ਸੋਨੂੰ ਚੌਰਸੀਆ ਨੂੰ ਕਾਬੂ ਕਰਕੇ ਉਸ ਦੇ ਕਬਜ਼ੇ 'ਚੋਂ 32 ਬੋਰ ਦਾ ਪਿਸਤੌਲ ਬਰਾਮਦ ਕੀਤਾ। ਉਨ੍ਹਾਂ ਕਿਹਾ ਕਿ ਅਗਲੇਰੀ ਜਾਂਚ ਜਾਰੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫਤਾਰੀਆਂ ਅਤੇ ਬਰਾਮਦਗੀ ਦੀ ਉਮੀਦ ਹੈ।

ਇਸ ਸਬੰਧੀ ਦੋ ਵੱਖ-ਵੱਖ ਮੁਕੱਦਮੇ ਥਾਣਾ ਮੋਹਕਮਪੁਰਾ ਵਿਖੇ ਦਰਜ ਕੀਤੇ ਗਏ ਹਨ, ਜਿਨ੍ਹਾਂ ਵਿੱਚ ਪਹਿਲੀ ਐਫ.ਆਈ.ਆਰ ਨੰ. 98 ਮਿਤੀ 14-11-2024 ਨੂੰ ਐਨ.ਡੀ.ਪੀ.ਐਸ. ਐਕਟ ਦੀ ਧਾਰਾ 21-ਸੀ ਤੇ 29 ਅਤੇ ਅਸਲਾ ਐਕਟ ਦੀ ਧਾਰਾ 25(8) ਤਹਿਤ ਦਰਜ ਕੀਤੀ ਗਈ ਅਤੇ ਦੂਜੀ ਐਫ.ਆਈ.ਆਰ. ਨੰ. 97 ਮਿਤੀ 14-11-24 ਨੂੰ ਅਸਲਾ ਐਕਟ ਦੀ ਧਾਰਾ 25 ਅਧੀਨ ਦਰਜ ਕੀਤੀ ਗਈ ਹੈ।

# ਪ੍ਰਧਾਨ ਮੰਤਰੀ ਮੋਦੀ ਨੂੰ ਮਿਲਿਆ ਨਾਈਜੀਰੀਆ ਦਾ ਦੂਜਾ ਸਭ ਤੋਂ ਵੱਡਾ ਸਨਮਾਨ,

## ਕਿਹਾ- ਇਹ ਸਨਮਾਨ 140 ਕਰੋੜ ਭਾਰਤੀਆਂ ਅਤੇ ਦੋਨਾਂ ਦੇਸ਼ਾਂ ਦੀ ਦੋਸਤੀ ਨੂੰ ਸਮਰਪਿਤ



ਅਬੂਜਾ, 17 ਨਵੰਬਰ (ਪੋਸਟ ਬਿਊਰੋ): ਨਾਈਜੀਰੀਆ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦੂਜੇ ਸਰਵਉੱਚ ਰਾਸ਼ਟਰੀ ਸਨਮਾਨ 'ਦਿ ਗ੍ਰੈਂਡ ਕਮਾਂਡਰ ਆਫ ਦਿ ਆਰਡਰ ਆਫ ਨਾਈਜਰ' ਨਾਲ ਸਨਮਾਨਿਤ ਕੀਤਾ ਹੈ। ਐਤਵਾਰ ਨੂੰ ਨਾਈਜੀਰੀਆ ਦੇ ਰਾਸ਼ਟਰਪਤੀ ਬੋਲਾ ਅਹਿਮਦ ਟੀਨੂਬੂ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਸਨਮਾਨਿਤ ਕੀਤਾ। ਮੋਦੀ ਨੇ ਇਹ ਸਨਮਾਨ ਭਾਰਤ-ਨਾਈਜੀਰੀਆ ਸਬੰਧਾਂ ਨੂੰ ਸਮਰਪਿਤ ਕੀਤਾ।

ਇਸ ਮੌਕੇ ਪੀਐੱਮ ਮੋਦੀ ਨੇ ਕਿਹਾ ਕਿ ਮੈਂ ਨਾਈਜੀਰੀਆ ਦੇ ਰਾਸ਼ਟਰੀ ਸਨਮਾਨ ਲਈ ਨਾਈਜੀਰੀਆ ਦੀ ਸਰਕਾਰ ਅਤੇ ਨਾਈਜੀਰੀਆ ਦੇ ਲੋਕਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਮੈਂ ਇਹ ਸਨਮਾਨ 140 ਕਰੋੜ ਭਾਰਤੀਆਂ ਅਤੇ ਭਾਰਤ ਅਤੇ ਨਾਈਜੀਰੀਆ ਦੀ ਡੂੰਘੀ ਦੋਸਤੀ ਨੂੰ ਸਮਰਪਿਤ ਕਰਦਾ ਹਾਂ।

ਪ੍ਰਧਾਨ ਮੰਤਰੀ ਮੋਦੀ ਨਾਈਜੀਰੀਆ ਦੇ ਦੋ ਦਿਨਾਂ ਦੌਰੇ 'ਤੇ ਹਨ। ਅੱਜ ਉਨ੍ਹਾਂ ਦੇ ਦੌਰੇ ਦਾ ਆਖਰੀ ਦਿਨ ਹੈ। ਉਨ੍ਹਾਂ ਨੇ ਐਤਵਾਰ ਸਵੇਰੇ ਰਾਸ਼ਟਰਪਤੀ ਭਵਨ ਵਿੱਚ ਨਾਈਜੀਰੀਆ ਦੇ ਰਾਸ਼ਟਰਪਤੀ ਨਾਲ ਮੁਲਾਕਾਤ ਕੀਤੀ। ਦੋਨਾਂ ਵਿਚਾਲੇ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ 'ਤੇ ਚਰਚਾ ਹੋਈ।

ਮੁਲਾਕਾਤ ਦੌਰਾਨ ਪੀਐਮ ਮੋਦੀ ਨੇ ਕਿਹਾ ਸੀ ਕਿ ਨਾਈਜੀਰੀਆ 'ਚ ਰਹਿ ਰਹੇ 60 ਹਜ਼ਾਰ ਤੋਂ ਵੱਧ ਭਾਰਤੀ ਦੋਨਾਂ ਦੇਸ਼ਾਂ ਵਿਚਾਲੇ ਮਜ਼ਬੂਤ ਕੜੀ ਹਨ। ਮੈਂ ਉਨ੍ਹਾਂ ਨੂੰ ਰੱਖਣ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਲਈ ਨਾਈਜੀਰੀਆ ਦਾ ਧੰਨਵਾਦ ਕਰਦਾ ਹਾਂ। ਸਨਮਾਨ ਸਮਾਰੋਹ ਤੋਂ ਬਾਅਦ ਉਨ੍ਹਾਂ ਨੇ ਭਾਰਤੀ ਪ੍ਰਵਾਸੀਆਂ ਨੂੰ ਸੰਬੋਧਨ ਕੀਤਾ।

ਪ੍ਰਧਾਨ ਮੰਤਰੀ ਨੇ ਅਬੂਜਾ ਵਿੱਚ ਭਾਰਤੀ ਪ੍ਰਵਾਸੀਆਂ ਨੂੰ ਸੰਬੋਧਨ ਕੀਤਾ। ਪੀਐਮ ਮੋਦੀ ਨੇ ਕਿਹਾ ਕਿ ਜਦੋਂ ਭਾਰਤ ਨੇ ਪਹਿਲੀ ਵਾਰ ਜੀ-20 ਦੀ ਪ੍ਰਧਾਨਗੀ ਸੰਭਾਲੀ ਤਾਂ ਅਸੀਂ ਅਫਰੀਕੀ ਸੰਘ ਨੂੰ ਸਥਾਈ ਮੈਂਬਰ ਬਣਾਉਣ ਲਈ ਸਭ ਕੁਝ ਕੀਤਾ ਅਤੇ ਭਾਰਤ ਇਸ 'ਚ ਸਫਲ ਰਿਹਾ। ਮੈਨੂੰ ਖੁਸ਼ੀ ਹੈ ਕਿ ਜੀ-20 ਦੇ ਹਰ ਮੈਂਬਰ ਦੇਸ਼ ਨੇ ਭਾਰਤ ਦੇ ਕਦਮ ਦਾ ਸਮਰਥਨ ਕੀਤਾ। ਜੀ-20 ਦੇ ਮਹਿਮਾਨ ਮੈਂਬਰ ਹੋਣ ਦੇ ਨਾਤੇ, ਨਾਈਜੀਰੀਆ ਉਸ ਇਤਿਹਾਸਕ ਪਲ ਦਾ ਗਵਾਹ ਰਿਹਾ।

ਪ੍ਰਧਾਨ ਮੰਤਰੀ ਨੇ ਨਾਈਜੀਰੀਆ ਵਿੱਚ ਰਹਿ ਰਹੇ ਭਾਰਤੀਆਂ ਨੂੰ ਜਨਵਰੀ ਵਿੱਚ ਭਾਰਤ ਆਉਣ ਦਾ ਸੱਦਾ ਦਿੱਤਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਤੁਹਾਡੇ ਵਿੱਚੋਂ ਬਹੁਤ ਸਾਰੇ ਭਾਰਤ ਆਉਂਦੇ ਰਹਿੰਦੇ ਹਨ ਅਤੇ ਤਿਉਹਾਰਾਂ ਵਿੱਚ ਵੀ ਹਿੱਸਾ ਲੈਂਦੇ ਹਨ। ਇਸ ਲਈ ਤੁਹਾਡੇ ਪਰਿਵਾਰ ਦੇ ਮੈਂਬਰ ਵੀ ਤੁਹਾਨੂੰ ਫੋਨ ਕਰਕੇ ਬੁਲਾਉਂਦੇ ਹਨ। ਮੈਂ ਵੀ ਤੁਹਾਡੇ ਪਰਿਵਾਰ ਦਾ ਮੈਂਬਰ ਹਾਂ। ਇਸ ਲਈ ਮੈਂ ਤੁਹਾਨੂੰ ਵੀ ਸੱਦਾ ਦੇਣਾ ਚਾਹੁੰਦਾ ਹਾਂ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਪ੍ਰਵਾਸੀ ਭਾਰਤੀ ਦਿਵਸ ਜਨਵਰੀ ਦੇ ਦੂਜੇ ਹਫ਼ਤੇ ਮਨਾਇਆ ਜਾਂਦਾ ਹੈ। ਇਸ ਵਾਰ ਇਹ ਪ੍ਰਵਾਸੀ ਦਿਵਸ ਜਗਨਨਾਥ ਵਿੱਚ ਹੋਣ ਜਾ ਰਿਹਾ ਹੈ। ਪ੍ਰਯਾਗਰਾਜ 'ਚ 13 ਜਨਵਰੀ ਤੋਂ 26 ਫਰਵਰੀ ਤੱਕ ਮਹਾਕੁੰਭ ਵੀ ਹੋਣ ਜਾ ਰਿਹਾ ਹੈ। ਤੁਹਾਨੂੰ ਇਸ ਸਮੇਂ ਦੌਰਾਨ ਭਾਰਤ ਆਉਣਾ ਚਾਹੀਦਾ ਹੈ ਅਤੇ ਆਪਣੇ ਨਾਈਜੀਰੀਅਨ ਦੋਸਤਾਂ ਨੂੰ ਆਪਣੇ ਨਾਲ ਲਿਆਉਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਨੇ ਪ੍ਰਵਾਸੀਆਂ ਨੂੰ ਅਯੁੱਧਿਆ ਅਤੇ ਕਾਸ਼ੀ ਦਾ ਦੌਰਾ ਕਰਨ ਦਾ ਸੱਦਾ ਵੀ ਦਿੱਤਾ।

TechSpirit
Consultation, Installation & Servicing
Specialized in:
• Analog & IP security cameras • Installation & Maintenance, Upgrade • Video Doorbell Installation
Call: 905-621-4100
7-8770 The Gore Road, Brampton, ON L6P 0B1
1080p HD ਦੇ 4 ਸਿਕਉਰਿਟੀ ਕੈਮਰੇ ਸਿਰਫ $999 ਵਿੱਚ ਲਗਵਾਓ

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਰਾਮਗੜ੍ਹੀਆ ਸਿੱਖ ਲੜਕਾ, 26 ਸਾਲ, 5ਫੁੱਟ, 9ਇੰਚ, ਵਰਕ ਪਰਮਿਟ, ਟਰੱਕ ਡਰਾਈਵਰ, ਨਾਨਡ੍ਰਿੰਕਿੰਗ ਲਈ, ਪੀ.ਆਰ./ਸਿਟੀਜ਼ਨ ਲੜਕੀ ਦੀ ਲੋੜ। ਸੰਪਰਕ: sukh25125@gmail.com ਜਾਂ ਵਟਸਐਪ +16723355016, ਕੋਈ ਜਾਤੀ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ ਕਰਨ।

ਲੁਬਾਣਾ ਸਿੱਖ, 1989 ਕਲੀਨਸ਼ੇਵ, ਗੋਰਾ ਰੰਗ, ਕੱਦ 5'8, ਕੈਨੇਡਾ ਵਿੱਚ ਸਥਾਈ ਨਿਵਾਸੀ (**Italian citizen**) ਲਈ ਖੂਬਸੂਰਤ ਅਤੇ ਪੜ੍ਹੀ ਲਿਖੀ ਲੜਕੀ ਦੀ ਲੋੜ। ਸੰਪਰਕ- 647-449-6746 ਜਾਂ 250-793-0527

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਸੈਲ ਐਡ ਫਿਕਸ
ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6

# ਸੜਕ ਏਥੇ ਦੀ ਏਥੇ ਤੇ ਦੇਸ਼ ਏਦਾਂ ਦਾ ਏਦਾਂ ਰਹੇਗਾ, ਪਤਾ ਨਹੀਂ ਕਦੋਂ ਤੱਕ!




ਗੱਲ ਕੋਈ ਚਾਲੀ ਸਾਲ ਪੁਰਾਣੀ ਹੈ। ਅੰਮ੍ਰਿਤਸਰ ਦੀ ਓਦੋਂ ਦੇ ਹਿਸਾਬ ਨਾਲ ਭੀੜ ਵਾਲੀ ਇੱਕ ਸੜਕ ਕੰਢੇ ਖੜੇ ਗੱਲਾਂ ਕਰ ਰਹੇ ਸਾਂ। ਅਚਾਨਕ ਇੱਕ ਮੋਟਰਸਾਈਕਲ ਵਾਲੇ ਨੇ ਕੋਲ ਆਣ ਕੇ ਬਰੇਕ ਲਾਈ ਤੇ ਸਾਊਪੁਣੇ ਬਗੈਰ ਕਹਿਣ ਲੱਗਾ: ਇਹ ਸੜਕ ਕਿੱਥੇ ਜਾਂਦੀ ਹੈ? ਕਹਿਣ ਦੇ ਢੰਗ ਤੋਂ ਖਿਝੇ ਹੋਣ ਕਾਰਨ ਮੇਰੇ ਮੂੰਹੋਂ ਨਿਕਲ ਗਿਆ ਕਿ ਬਹੁਤ ਸਾਲ ਹੋ ਗਏ ਵੇਖਦਿਆਂ, ਸੜਕ ਕਦੀ ਕਿਤੇ ਗਈ ਨਹੀਂ, ਇਸ ਤੋਂ ਲੰਘਣ ਵਾਲੇ ਕਿਤੇ ਨਾ ਕਿਤੇ ਚਲੇ ਜਾਂਦੇ ਹਨ। ਏਦਾਂ ਦਾ ਜਵਾਬ ਸਿਰਫ ਮੈਂ ਨਹੀਂ ਸੀ ਦਿੱਤਾ, ਮੇਰੇ ਵਾਂਗ ਕਈ ਲੋਕਾਂ ਨੇ ਕਦੇ ਨਾ ਕਦੇ ਦਿੱਤਾ ਹੋਇਆ ਹੋਵੇਗਾ। ਏਨੇ ਕੁ ਸਾਲਾਂ ਬਾਅਦ ਵੀ ਉਹ ਸੜਕ ਕਿਤੇ ਜਾਂਦੀ ਦਿੱਸੀ ਨਹੀਂ, ਲੋਕ ਹੀ ਲੰਘ ਕੇ ਕਿਤੇ ਨਾ ਕਿਤੇ ਜਾਂਦੇ ਰਹਿੰਦੇ ਹਨ। ਸੜਕ ਹੋਵੇ ਜਾਂ ਸਾਡਾ ਭਾਰਤ ਦੇਸ਼, ਬਹੁਤ ਘੱਟ ਫਰਕ ਸੜਕ ਵਿੱਚ ਅਤੇਇਸ ਦੇਸ਼ ਦੇ ਹਾਲਾਤ ਵਿੱਚ ਪਿਆ ਹੋਵੇਗਾ। ਆਵਾਜਾਈ ਸੜਕ ਉੱਤੇ ਚੋਖੀ ਵਧ ਗਈ ਅਤੇ ਆਬਾਦੀ ਦੇਸ਼ ਵਿੱਚ ਵਧ ਗਈ, ਜਿਸ ਕਾਰਨ ਸੜਕ ਓਦੋਂ ਜਿੰਨੀ ਘੱਟ ਚੌੜੀ ਬੁੱਤਾ ਨਹੀਂ ਸਾਰ ਸਕਦੀ, ਚੋਖੀ ਚੌੜੀ ਕਰਨੀ ਪਈ ਤੇ ਏਦਾਂ ਹੀ ਵਧ ਗਈ ਆਬਾਦੀ ਅਤੇ ਇਸ ਦੀਆਂ ਲੋੜਾਂ ਮੁਤਾਬਕ ਦੇਸ਼ ਦਾ ਢਾਂਚਾ ਵੀ ਖਿਲਾਰੇ ਵਾਲਾ ਹੋ ਗਿਆ ਹੈ, ਬਾਕੀ ਬੜਾ ਕੁਝ ਓਦਾਂ ਹੀ ਹੈ। ਓਦੋਂ ਵੀ ਸੜਕਾਂ ਉੱਤੇ ਚੱਲਣ ਲੱਗਿਆਂ ਸਿਰਫ ਆਪਣੇ ਬਚਾਅ ਬਾਰੇ ਸੋਚਣਾ ਪੈਂਦਾ ਸੀ, ਅਗਲਾ ਬਚਦਾ ਕਿ ਨਹੀਂ, ਉਸ ਦੀ ਚਿੰਤਾ ਨਹੀਂ ਸੀ ਕੀਤੀ ਜਾਂਦੀ ਅਤੇ ਅੱਜ ਵੀ ਕਰਨ ਦੀ ਲੋੜ ਨਹੀਂ ਸਮਝੀ ਜਾਂਦੀ। ਦੇਸ਼, ਸਮਾਜ ਤੇ ਰਾਜਨੀਤੀ ਵਿੱਚ ਵੀ ਓਦੋਂ ਵਾਂਗ ਆਪਣਾ ਹਿੱਤ ਵੇਖਿਆ ਜਾਂਦਾ ਹੈ, ਬਚ ਸਕੇ ਤਾਂ ਆਪਣੀ ਇੱਜ਼ਤ ਬਚਾਉਣ ਬਾਰੇ ਖਿਆਲ ਰੱਖਿਆ ਜਾਂਦਾ ਹੈ, ਦੂਸਰੇ ਦੀ ਇੱਜ਼ਤ ਦਾ ਕੀ ਬਣਦਾ ਹੈ, ਇਸ ਦੀ ਚਿੰਤਾ ਕਰਨ ਵਾਲਾ ਓਦੋਂ ਵੀ ਬੇਵਕੂਫ ਸਮਝਿਆ ਜਾਂਦਾ ਸੀ, ਚਾਲੀ ਸਾਲਾਂ ਬਾਅਦ ਅੱਜ ਵੀ ਏਦਾਂ ਹੀ ਹੈ।

ਇਸ ਵਕਤ ਭਾਰਤ ਵਿੱਚ ਜੋ ਕੁਝ ਹੁੰਦਾ ਆਏ ਦਿਨ ਦਿਖਾਈ ਦੇਂਦਾ ਅਤੇ ਕੰਨਾਂ ਵਿੱਚ ਗੂੰਜਦਾ ਹੈ, ਉਸ ਦੀ ਕਥਾ ਕਰਨ ਦੀ ਲੋੜ ਬੇਮਤਲਬੀ ਜਾਪਦੀ ਹੈ, ਸਾਡੇ ਆਂਢ-ਗਵਾਂਢ ਤੇ ਸਾਡੇ ਪੰਜਾਬ ਵਿੱਚ ਜਾਂ ਨਾਲ ਲੱਗਦੇ ਹਰਿਆਣੇ ਵਿੱਚ ਜੋ ਕੁਝ ਤੇ ਜਿੰਨਾ ਕੁਝ ਵਾਪਰਦਾ ਹੈ, ਉਸ ਵਿੱਚੋਂ ਛੋਟਾ ਜਿਹਾ ਹਿੰਦੁਸਤਾਨ ਦਿੱਸ ਸਕਦਾ ਹੈ। ਕੀ ਦੇਖਣਾ ਹੈ ਭਾਰਤ ਦੇ ਹੋਰ ਇਲਾਕਿਆਂ ਵਿੱਚ, ਇਹੋ ਵੇਖਣ ਅਤੇ ਸੁਣਨ ਨੂੰ ਮਿਲੇਗਾ ਕਿ ਆਰ ਐੱਸ ਐੱਸ ਅਤੇ ਉਸ ਦੀ ਬਣਾਈ ਹੋਈ ਪਾਰਟੀ ਦੇ ਆਗੂਆਂ ਨੇ ਲੋਕਾਂ ਨੂੰ ਏਨਾ ਮੂਰਖ ਮੰਨਣ ਦੀ ਆਦਤ ਨਹੀਂ ਛੱਡੀ ਕਿ ਜੋ ਮਰਜ਼ੀ ਕਹਿ ਕੇ ਉਸ ਨੂੰ ਇਤਹਾਸਕ ਤੱਥ ਕਹਿ ਦਿੱਤਾ ਜਾਵੇ, ਉਨ੍ਹਾਂ ਦੇ ਪਿੱਛਲੱਗ ਖੁਦ ਸੱਚ ਮੰਨਦੇ ਅਤੇ ਹੋਰਨਾਂ ਨੂੰ ਮਨਾਉਣ ਵਾਸਤੇ ਜ਼ੋਰ ਲਾ ਦੇਂਦੇ ਹਨ। ਕਾਂਗਰਸ ਦੀ ਲੀਡਰਸ਼ਿਪ ਆਪਣੇ ਨੇੜਲੇ ਘੇਰੇ ਦੇ ਅੱਠ-ਦਸ ਆਗੂਆਂ ਨੂੰ ਵੀ ਆਪਣੇ ਕਹਿਣੇ ਵਿੱਚ ਰੱਖਣ ਵਿੱਚ ਕਦੀ ਕਾਮਯਾਬ ਨਹੀਂ ਹੋ ਸਕੀ, ਪਰ ਆਪਣੇ ਆਪ ਨੂੰ ਸਾਰੇ ਦੇਸ਼ ਦੀ ਰਾਜਨੀਤੀ ਦੀ ਹਾਈ ਕਮਾਨ ਮੰਨਦੀ ਹੈ। ਜਿਹੜੇ ਕਿਸੇ ਰਾਜ ਵਿੱਚ ਉਸ ਦੇ ਲੀਡਰ ਆਪਣੀ ਜਿੱਤ ਹੋਣੀ ਯਕੀਨੀ ਸਮਝਦੇ ਹਨ ਤੇ ਆਮ ਲੋਕ ਵੀ ਇਹੋ ਮੰਨ ਲੈਂਦੇ ਹਨ, ਆਖਰ ਵਿੱਚ ਪਾਰਟੀ ਲੀਡਰਾਂ ਦੀ ਆਪਸੀ ਗੁੱਟਬੰਦੀ ਖੀਰ ਉੱਤੇ ਏਹੋ ਜਿਹੀ ਖੇਹ ਪਾਉਂਦੀ ਹੈ ਕਿ ਬੇਸ਼ਰਮੀ ਪੱਲੇ ਪੈ ਜਾਂਦੀ ਹੈ। ਇਸੇ ਖਰਾਬੀ ਦਾ ਤਾਜ਼ਾ ਸਬੂਤ ਹੈ ਕਿ ਹਰਿਆਣੇ ਵਿੱਚ ਚੋਣਾਂ ਵਿੱਚ ਹਾਰ ਜਾਣ ਪਿੱਛੋਂ ਇੱਕ ਮਹੀਨਾ ਲੰਘਾ ਕੇ ਵੀ ਪਾਰਟੀ ਵਿਰੋਧੀ ਧਿਰ ਦਾ ਨੇਤਾ ਚੁਣਨ ਵਾਸਤੇ ਸਹਿਮਤੀ ਕਰਨ ਜੋਗੀ ਨਹੀਂ ਹੋ ਸਕੀ ਤੇ ਹਾਊਸ ਵਿੱਚ ਉਸ ਦੇ ਵਿਧਾਇਕ ਮਨ-ਮਰਜ਼ੀ ਦੇ ਸਵਾਲ ਕਰਦੇ ਅਤੇ ਹਾਕਮ ਧਿਰ ਭਾਜਪਾ ਦੀਆਂ ਟਿਪਣੀਆਂ ਦੇ ਤੀਰ ਝੱਲਦੇ ਫਿਰਦੇ ਹਨ। ਬਾਕੀ ਵਿਰੋਧੀ ਪਾਰਟੀਆਂ ਦੀ ਲੀਡਰਸ਼ਿਪ ਵੀ ਇੱਕ ਜਾਂ ਦੂਸਰੇ ਤਰ੍ਹਾਂ ਲਗਭਗ ਏਹੋ ਜਿਹੀ ਹਾਲਾਤ ਦੀ ਘੁੰਮਣਘੇਰੀ ਵਿੱਚ ਫਸੀ ਹੋਈ ਦਿੱਸ ਸਕਦੀ ਹੈ।

ਪੰਜਾਬ ਦੀ ਲੀਡਰਸ਼ਿਪ ਆਏ ਦਿਨ ਉੱਪ ਚੋਣਾਂ ਵਿੱਚ ਉਲਝੀ ਰਹਿਣ ਦੀ ਮਜਬੂਰੀ ਨੂੰ ਬਹਾਨੇ ਵੱਜੋਂ ਵਰਤ ਲੈਂਦੀ ਹੈ, ਪਰ ਆਪਣੀਆਂ ਆਦਤਾਂ ਤੇ ਰੁਝਾਨ ਕਿਸੇ ਵੀ ਪਾਰਟੀ ਨੇ ਬਦਲਣ ਦੀ ਲੋੜ ਕਦੀ ਮਹਿਸੂਸ ਨਹੀਂ ਕੀਤੀ। ਬਦਲਣ ਦੀ ਲੋੜ ਵੀ ਕੀ ਹੈ, ਜਿਹੜਾ ਆਗੂ ਅੱਜ ਅਕਾਲੀ ਦਲ ਵਿੱਚ ਦਿਖਾਈ ਦੇਂਦਾ ਹੈ, ਭਲਕ ਨੂੰ ਕਾਂਗਰਸ ਵਿੱਚ ਤੇ ਪਰਸੋਂ ਭਾਜਪਾ ਵਿੱਚ ਜਾਂ ਆਮ ਆਦਮੀ ਪਾਰਟੀ ਵਿੱਚ ਜਾ ਕੇ ਏਦਾਂ ਸਾਰਿਆਂ ਦਾ ਮੋਹਰੀ ਬਣ ਜਾਂਦਾ ਹੈ, ਜਿਵੇਂ ਲਾਹੌਰੀਆਂ ਦੀ ਬੋਲੀ ਵਿੱਚ ਕਹਿੰਦੇ ਹਨ ਕਿ ਨਿਕੰਮਾ ਕੱਟਾ ਵੱਗ ਦਾ ਮੋਹਰੀ ਹੁੰਦਾ ਹੈ। ਅਸੀਂ ਲੋਕ ਅਜੇ ਤੱਕ ਹਰਿਆਣੇ ਦੇ ਇੱਕ ਰਾਜਸੀ ਮੁਹਾਵਰੇ 'ਆਇਆ ਰਾਮ, ਗਿਆ ਰਾਮ' ਨਾਲ ਬੁੱਤਾ ਸਾਰਦੇ ਪਏ ਹਾਂ, ਜਦ ਕਿ ਕਿਸੇ ਸਮੇਂ ਦੇ ਓਦੋਂ ਦੇ ਵਿਧਾਇਕ ਗਿਆ ਰਾਮ ਤੋਂ ਵੱਧ ਤਮਾਸ਼ਬੀਨੀਆਂ ਸਾਡੇ ਪੰਜਾਬ ਦੇ ਆਗੂ ਕਰਨ ਦੇ ਮਾਹਰ ਹਨ। ਇੱਕ ਲੀਡਰ ਨੇ ਕਾਂਗਰਸ ਵੱਲੋਂ ਵਿਧਾਨ ਸਭਾ ਚੋਣ ਲੜੀ ਅਤੇ ਆਮ ਆਦਮੀ ਪਾਰਟੀ ਤੋਂ ਹਾਰਨ ਦੇ ਅਗਲੇ ਸਾਲ ਆਮ ਆਦਮੀ ਪਾਰਟੀ ਵੱਲੋਂ ਲੋਕ ਸਭਾ ਚੋਣ ਲੜੀ ਅਤੇ ਜਿੱਤੀ ਅਤੇ ਉਸ ਤੋਂ ਅਗਲੇ ਸਾਲ ਓਸੇ ਸੀਟ ਲਈ ਭਾਜਪਾ ਦਾ ਉਮੀਦਵਾਰ ਜਾ ਬਣਿਆ ਸੀ। ਏਥੇ ਦਲ-ਬਦਲੀ ਕਰਨ ਵਾਲੇ ਆਗੂਆਂ ਲਈ 'ਆਇਆ ਰਾਮ, ਗਿਆ ਰਾਮ' ਵਾਲਾ ਮੁਹਾਵਰਾ ਵਰਤਣ ਦੀ ਥਾਂ ਜਲੰਧਰ ਦੇ ਉਸ ਆਗੂ ਦਾ ਨਾਂ ਵੀ ਲਿਆ ਜਾ ਸਕਦਾ ਹੈ, ਪਰ ਅਸੀਂ ਵਰਤਦੇ ਨਹੀਂ। ਸਾਨੂੰ ਰਾਜਨੀਤਕ ਪੱਖ ਤੋਂਪਹਿਲਾਂ ਬਿਹਾਰ ਦਾ ਰਾਮ ਵਿਲਾਸ ਪਾਸਵਾਨ ਸਭ ਤੋਂ ਵੱਡਾ ਮੌਸਮ ਵਿਗਿਆਨੀ ਜਾਪਦਾ ਹੁੰਦਾ ਸੀ, ਕਿਉਂਕਿ ਉਹ ਹਰ ਚੋਣ ਮੌਕੇ ਦਲਬਦਲੀ ਕਰਦਾ ਤੇ ਉਸ ਗੱਠਜੋੜਨਾਲ ਜੁੜ ਜਾਂਦਾ ਹੁੰਦਾ ਸੀ, ਜਿਸ ਦੀ ਸਰਕਾਰ ਬਣਨੀ ਹੁੰਦੀ ਸੀ। ਫਿਰ ਨਿਤੀਸ਼ ਕੁਮਾਰ ਜਾਂ ਮਹਾਰਾਸ਼ਟਰ ਵਾਲਾ ਅਜੀਤ ਪਵਾਰ ਏਦਾਂ ਦਾ ਲੀਡਰ ਜਾਪਣ ਲੱਗ ਪਿਆ, ਪਰ ਏਦਾਂ ਸਮਝ ਲੈਣਾ ਪੰਜਾਬ ਦੇ ਨਿਹਾਲ ਸਿੰਘ ਵਾਲੀਏ ਉਸ ਆਗੂ ਨਾਲ ਕੁਝ ਬੇਇਨਸਾਫੀ ਜਾਪਦਾ ਹੈ, ਜਿਸ ਨੇ ਨਿਤੀਸ਼ ਕੁਮਾਰ ਜਾਂ ਅਜੀਤ ਪਵਾਰ ਦੇ ਗੱਠਜੋੜ ਬਦਲਣ ਤੋਂ ਵੀ ਵੱਧ ਪਾਰਟੀਆਂ ਬਦਲਣ ਦਾ ਕੰਮ ਕਰ ਵਿਖਾਇਆ ਸੀ। ਉਹਦੇ ਹੱਕ ਦਾ ਬਣਦਾ ਖਿਤਾਬ ਕਿਸੇ ਹੋਰ ਨੂੰ ਨਹੀਂ ਦੇਣਾ ਚਾਹੀਦਾ।

ਰਾਜਨੀਤਕ ਖੇਤਰ ਵਿੱਚ ਜਿਹੜੇ ਲੋਕ ਆਉਂਦੇ ਹਨ, ਆਜ਼ਾਦੀ ਲਹਿਰ ਦੇ ਦਿਨਾਂ ਦੌਰਾਨ ਉਨ੍ਹਾਂ ਵਿੱਚੋਂਬਹੁਤ ਸਾਰੇ ਦੇਸ਼ਭਗਤੀ ਦੀ ਭਾਵਨਾ ਨਾਲ ਓਤ-ਪੋਤ ਹੁੰਦੇ ਸਨ, ਬਾਅਦ ਵਿੱਚ ਆਇਆਂ ਵਿੱਚੋਂ ਬਹੁਤੇ ਆਗੂਆਂ ਦੀ ਸੋਚ ਕੁਰਸੀਆਂ ਉੱਤੇ ਬਹਿਣ ਅਤੇ ਬੈਠ ਗਏ ਹੋਣ ਤਾਂ ਟਿਕੇ ਰਹਿਣ ਤੱਕ ਸੀਮਤ ਹੁੰਦੀ ਹੈ। ਇਸ ਕਾਰਨ ਭਾਰਤ ਦੀ ਲੀਡਰਸ਼ਿਪ ਹੋਵੇ ਜਾਂ ਕਿਸੇ ਵੀ ਰਾਜ ਦੇ ਆਗੂ ਹੋਣ, ਜੋ ਕੁਝ ਵਿਰੋਧੀ ਧਿਰ ਵਿੱਚ ਹੁੰਦਿਆਂ ਆਖਦੇ ਹਨ, ਜਦੋਂ ਕਦੇ ਸੱਤਾ ਮਿਲ ਜਾਵੇ ਤਾਂ ਐਨ ਇਸ ਤੋਂ ਉਲਟ ਬੋਲਦੇ ਸੁਣਨ ਲੱਗਦੇ ਹਨ। ਲੋਕ ਪ੍ਰਧਾਨ ਮੰਤਰੀ ਤੱਕ ਦੇ ਪੁਰਾਣੇ ਭਾਸ਼ਣਾਂ ਦੀਆਂ ਕਲਿੱਪਾਂ ਵਾਇਰਲ ਕਰ ਕੇ ਖੁਸ਼ ਹੋਈ ਜਾਂਦੇ ਹਨ ਅਤੇ ਜਿਨ੍ਹਾਂ ਦੇ ਪੁਰਾਣੇ ਭਾਸ਼ਣਾਂ ਦੀਆਂ ਵੀਡੀਉ ਕਲਿੱਪਾਂ ਵਾਇਰਲ ਹੁੰਦੀਆਂ ਹਨ, ਉਹ ਨਾਰਾਜ਼ ਹੋਣ ਦੀ ਥਾਂ ਇਹ ਸੋਚ ਕੇ ਖੁਸ਼ ਹੋਈ ਜਾਂਦੇ ਹਨ ਕਿ ਲੋਕ ਏਨੇ ਕੁ ਮਨੋਰੰਜਨ ਨਾਲ ਦਿਲ ਦੀ ਸਾਰੀ ਭੜਾਸ ਕੱਢ ਲੈਣ ਤਾਂ ਅਗਲੀ ਚੋਣ ਤੱਕ ਇਨ੍ਹਾਂ ਗੱਲਾਂ ਨੂੰ ਆਮ ਜਿਹੀਆਂ ਮੰਨ ਕੇ ਫਿਰ ਸਾਡਾ ਪਾਇਆ ਚੋਗਾ ਚੁਗਣ ਜੋਗੇ ਹੋ ਜਾਣਗੇ। ਅਗਲੀ ਚੋਣ ਵਿੱਚ ਫਿਰ ਸੱਤਾ ਮਾਣਨ ਵਾਲੇ ਅਤੇ ਸੱਤਾ ਲਈ ਤਰਲੋਮੱਛੀ ਹੋਣ ਵਾਲੇ ਲੀਡਰਾਂ ਵਿੱਚ ਵੋਟਰਾਂ ਨੂੰ ਬੇਵਕੂਫ ਬਣਾਉਣ ਦਾ ਮੁਕਾਬਲਾ ਸ਼ੁਰੂ ਹੋ ਜਾਂਦਾ ਹੈ ਤੇ ਜਿਹੜਾ ਵੱਡੀ ਗੱਪ ਮਾਰਨ ਦੇ ਸਮਰੱਥ ਹੁੰਦਾ ਹੈ, ਉਸ ਨੂੰ ਲੋਕ ਜੇਤੂ ਕਰਾਰ ਦੇਣ ਦੇ ਲਈ ਬੇਤਾਬ ਹੋ ਜਾਂਦੇ ਹਨ। ਇੱਕ ਗੱਲ ਭਾਰਤੀ ਸਮਾਜ ਅਤੇ ਪੰਜਾਬੀ ਸਮਾਜ ਵਿੱਚ ਇਹ ਵੀ ਪ੍ਰਚੱਲਤ ਹੈ ਕਿ ਲੋਕ ਪੰਜ ਸਾਲ ਜਿਨ੍ਹਾਂ ਗੱਲਾਂ ਦਾ ਰੋਣਾ ਰੋਂਦੇ ਰਹਿੰਦੇ ਹਨ, ਵੋਟਾਂ ਵੇਲੇ ਉਹ ਸਭ ਗੱਲਾਂ ਭੁੱਲ ਜਾਂਦੇ ਤੇ ਭਾਸ਼ਣ ਕਲਾ ਦੀ ਐਕਟਿੰਗ ਦਾ ਮਾਹਰ ਲੀਡਰ ਜ਼ਰਾ ਭਾਵੁਕ ਹੋ ਕੇ ਚਾਰ ਗੱਲਾਂ ਕਹਿ ਦੇਵੇ ਤਾਂ ਉਸ ਦੀ ਜੈ-ਜੈ ਕਾਰ ਕਰਨ ਲੱਗਦੇ ਹਨ। ਚੋਣਾਂ ਦੀ ਘੜੀ ਲੰਘਣ ਦੇ ਬਾਅਦ 'ਸਭ ਕੁਝ ਲੁਟਾ ਕੇ ਹੋਸ਼ ਮੇਂ ਆਏ ਤੋ ਕਿਅ ਆਏ' ਵਾਲਾ ਹਾਲ ਹੋਇਆ ਪਤਾ ਲੱਗਦਾ ਹੈ।

ਜਦੋਂ ਦੇਸ਼ ਵਿੱਚ ਏਦਾਂ ਦੇ ਹਾਲਾਤ ਹਨ, ਕੁਝ ਬਦਲਦਾ ਦਿਖਾਈ ਨਹੀਂ ਦੇਂਦਾ ਤਾਂ ਲੋਕ ਇਸ ਦਾ ਕਾਰਨ ਸਮਝਣ ਦੀ ਇੱਛਾ ਰੱਖਦੇ ਹਨ, ਪਰ ਕਦੇ ਇਹ ਨਹੀਂ ਸੋਚਦੇ ਕਿ ਹਾਲਾਤ ਬਦਲਦੇ ਨਹੀਂ ਹੁੰਦੇ, ਬਦਲਣ ਦੀ ਇੱਛਾ ਪੂਰਤੀ ਵਾਸਤੇ ਕੁਝ ਕਰਨਾ ਵੀ ਪੈਂਦਾ ਹੈ। ਸਮਾਜ ਬਦਲਣਾ ਜਾਂ ਦੇਸ਼ ਦੀ ਰਾਜਨੀਤੀ ਦੀ ਦਿਸ਼ਾ ਬਦਲਣੀ ਹੈ ਤਾਂ ਇਸ ਦੇ ਲਈ ਕੁਝ ਇਹੋ ਜਿਹੇ ਸਮਾਜ ਸੇਵੀਆਂ ਅਤੇ ਸਮਾਜ ਸੇਵੀ ਸੰਗਠਨਾਂ ਨੂੰ ਅੱਗੇ ਆਉਣ ਦੀ ਲੋੜ ਹੁੰਦੀ ਹੈ, ਜਿਹੜੇ ਖੁਦ ਰਾਜਨੀਤੀ ਦੇ ਕਿਸੇ ਵੀ ਪੜਾਅ ਉੱਤੇ ਆਪਣੇ ਲਈ ਜਾਂ ਆਪਣਿਆਂ ਲਈ ਕਿਸੇ ਕਿਸਮ ਦੇ ਲਾਭਾਂ ਤੋਂ ਅਗੇਤੀ ਤੌਬਾ ਕਰ ਸਕਦੇ ਹੋਣ। ਭਾਰਤ ਦੇ ਲੋਕਾਂ ਨੂੰ ਅਜੇ ਤੱਕ ਇਹੋ ਜਿਹੇ ਹਾਲਾਤ ਦੀ ਚਿਰਾਂ ਤੋਂ ਤਾਂਘ ਰਹੀ ਹੈ, ਪਰ ਬਦਕਿਸਮਤੀ ਹੈ ਕਿ ਜਦੋਂ ਵੀ ਕਦੀ ਏਦਾਂ ਹੋ ਸਕਣ ਦੀ ਜ਼ਰਾ ਜਿੰਨੀ ਝਲਕ ਦਿਖਾਈ ਦੇਂਦੀ ਹੈ, ਰਵਾਇਤੀ ਤਿਕੜਮਬਾਜ਼ ਰਾਜਨੀਤੀ ਦੀ ਲਾਗ ਵਾਲੇ ਲੀਡਰ ਅਗੇਤਾ ਰਾਹ ਰੋਕਣ ਲਈ ਬਾਕੀਆਂ ਨੂੰ ਮੋਢੇ ਮਾਰ ਕੇ ਸਭ ਤੋਂ ਮੋਹਰੇ ਹੋਣ ਲੱਗਦੇ ਹਨ। ਲੋੜ ਉਸ ਭਰੋਸੇਯੋਗਤਾ ਦੇ ਪਕੇਰੇ ਹੋਣ ਦਾ ਭਰੋਸਾ ਬੱਝਣ ਦੀ ਹੈ, ਪਰ ਜਦੋਂ ਹਰ ਪਾਸੇ ਭਰੋਸੇਯੋਗਤਾ ਨੂੰ ਖੋਰਾ ਲਾਉਣ ਦੀ ਰਾਜਨੀਤੀ ਹੋ ਰਹੀ ਹੋਵੇ ਤਾਂ ਲੋਕਾਂ ਦੀ ਇੱਛਾ ਪੂਰਤੀ ਵਾਲੀ ਭਰੋਸੇਯੋਗਤਾ ਪੇਸ਼ ਕਰਨ ਵਾਲਾ ਭਰੋਸੇ ਯੋਗ ਵਿਅਕਤੀ ਲੱਭਣਾ ਹੀ ਔਖਾ ਹੋਇਆ ਪਿਆ ਹੈ। ਅਸੀਂ ਬਹੁਤ ਵਾਰੀ ਸੁਣਿਆ ਹੈ ਕਿ ਧਰਤੀ ਕਦੀ ਬਾਂਝ ਨਹੀਂ ਹੁੰਦੀ, ਇਹ ਇਤਹਾਸ ਦੇ ਨਾਇਕ ਬਣਨ ਵਾਲੇ ਯੋਧਿਆਂ ਨੂੰ ਜਨਮ ਦੇਣ ਦੀ ਸਮਰੱਥ ਹਮੇਸ਼ਾ ਰਹਿੰਦੀ ਹੈ, ਪਰ ਜਿਸ ਖੇਤ ਵਿੱਚ ਬੀਜ ਹੀ ਕਿਸੇ ਪੁਰਾਣੇ ਰੋਗ ਦੀ ਲਾਗ ਵਾਲਾ ਕੇਰਿਆ ਗਿਆ ਹੋਵੇ, ਉਸ ਖੇਤ ਤੋਂ ਕਿੱਕਰਾਂ ਦੇ ਬੀਜ ਖਿਲਾਰ ਕੇ ਦਾਖਾਂ ਉੱਗਣ ਦੀ ਆਸ ਕਰਨੀ ਫਜ਼ੂਲ ਹੁੰਦੀ ਹੈ। ਚਿਰਾਂ ਤੋਂ ਇਹੋ ਹੁੰਦਾ ਆਇਆ ਹੈ, ਇਹੋ ਹੋਈ ਜਾ ਰਿਹਾ ਹੈ ਅਤੇ ਇਸ ਦਾ ਇਲਾਜ ਓਹੜ-ਪੋਹੜ ਕਰਨ ਤੋਂ ਅੱਗੇ ਨਹੀਂ ਵਧ ਰਿਹਾ।

ਓਸ਼ੋ ਰਜਨੀਸ਼ ਨੇ ਇੱਕ ਵਾਰੀ ਕਥਾ ਕੀਤੀ ਸੀ ਕਿ ਕੋਈ ਨੇਕ ਬੰਦਾ ਜਦੋਂ ਧਰਤੀ ਉੱਤੇ ਆਇਆ ਤਾਂ ਲੋਕ ਉਸ ਦੇ ਪੈਰੋਕਾਰ ਬਣਨ ਲੱਗ ਪਏ। ਹਰ ਪਾਸੇ ਜਦੋਂ ਉਸ ਦੀ ਮਹਿਮਾ ਹੁੰਦੀ ਵੇਖੀ ਤਾਂ ਸ਼ੈਤਾਨ ਦੇ ਮੰਤਰੀਆਂ ਨੇ ਉਸ ਨੂੰ ਜਾ ਕੇ ਕਿਹਾ ਕਿ ਤੂੰ ਕੀ ਕਰਦਾ ਪਿਆ ਹੈਂ, ਧਰਤੀ ਉੱਤੇ ਇੱਕ ਨੇਕ ਬੰਦਾ ਆ ਗਿਆ ਹੈ, ਸਭ ਲੋਕ ਉਸ ਨਾਲ ਜੁੜੀ ਜਾਂਦੇ ਹਨ, ਏਦਾਂ ਹੀ ਚੱਲੀ ਗਿਆ ਤਾਂ ਤੇਰੀ ਚੌਧਰ ਦੀ ਸਫ ਵਲ੍ਹੇਟੀ ਜਾ ਸਕਦੀ ਹੈ। ਉਸ ਨੇ ਆਪਣੇ ਮੰਤਰੀਆਂ ਨੂੰ ਹੱਸ ਕੇ ਕਿਹਾ ਸੀ, ਮੈਂ ਕੱਚੀਆਂ ਗੋਲੀਆਂ ਨਹੀਂ ਖੇਡਿਆ, ਆਉ ਤੁਹਾਨੂੰ ਆਪਣੀ ਖੇਡ ਸਮਝਾ ਦੇਂਦਾ ਹਾਂ। ਸਾਰਿਆਂ ਦਾ ਮੂੰਹ ਧਰਤੀ ਵੱਲ ਕਰ ਕੇ ਉਸ ਨੇ ਪੁੱਛਿਆ ਸੀ ਕਿ ਓਥੇ ਕੀ ਵੇਖਦੇ ਹਨ ਤੇ ਉਨ੍ਹਾਂ ਨੇ ਕਿਹਾ ਕਿ ਉਹ ਨੇਕ ਵਿਅਕਤੀ ਹਜ਼ਾਰਾਂ ਦੀ ਭੀੜ ਮੂਹਰੇ ਕੋਈ ਭਾਸ਼ਣ ਕਰਦਾ ਅਤੇ ਆਮ ਲੋਕ ਸਿਰ ਹਿਲਾ ਰਹੇ ਹਨ। ਸ਼ੈਤਾਨ ਨੇ ਪੁੱਛਿਆ ਕਿ ਉਸ ਦੇ ਘੇਰੇ-ਘੇਰੇ ਕੌਣ ਲੋਕ ਹਨ ਤਾਂ ਮੰਤਰੀਆਂ ਨੇ ਕਿਹਾ ਕਿ ਹਜ਼ਾਰਾਂ ਦੀ ਭੀੜ ਹੈ। ਉਸ ਨੇ ਫਿਰ ਪੁੱਛਿਆ ਕਿ ਹਜ਼ਾਰਾਂ ਦੀ ਭੀੜ ਭੁੱਲ ਕੇ ਅਸਲੋਂ ਨੇੜਲੇ ਘੇਰੇ ਵਾਲੇ ਲੋਕਾਂ ਵੱਲ ਵੇਖ ਕੇ ਦੱਸੋ ਕਿ ਕੌਣ ਹਨ! ਮੰਤਰੀਆਂ ਨੇ ਕਿਹਾ ਕਿ ਸਾਊ ਜਿਹੇ ਕੱਪੜਿਆਂ ਤੇ ਸਾਊ ਚਿਹਰਿਆਂ ਵਾਲੇ ਵੀਹ-ਪੰਝੀ ਜਣੇ ਬਾਕੀਆਂ ਤੋਂ ਵੱਖਰੇ ਸਤਿਕਾਰਤ ਜਿਹੇ ਸੱਜਣ ਹਨ। ਸ਼ੈਤਾਨ ਨੇ ਕਿਹਾ ਸੀ ਕਿ ਜਿਹੜੇ ਇਹ ਸਾਊ ਜਿਹੇ ਵੀਹ-ਪੰਝੀ ਸੱਜਣ ਉਸ ਨੂੰ ਘੇਰਾ ਪਾਈ ਖੜੇ ਹਨ, ਇਹ ਮੇਰੇ ਪ੍ਰਤੀਨਿਧ ਹਨ, ਇਨ੍ਹਾਂ ਜ਼ਿੰਮੇ ਇਹੀ ਕੰਮ ਹੈ ਕਿ ਲੋਕਾਂ ਨੂੰ ਕਹੀ ਜਾਣ ਕਿ ਜਿਹੜਾ ਇਸ ਦੇ ਦਰਸ਼ਨ ਕਰ ਲਵੇਗਾ ਜਾਂ ਇਸ ਦੇ ਚਰਨਾਂ ਦੀ ਧੂੜ ਮੱਥੇ ਨੂੰ ਛੁਹਾ ਲਵੇਗਾ, ਉਸ ਦਾ ਜਨਮ ਸਫਲ ਹੋ ਜਾਵੇਗਾ, ਪਰ ਲੋਕਾਂ ਨੂੰ ਇਸ ਨੇਕ ਵਿਅਕਤੀ ਦੇ ਰਾਹ ਉੱਤੇ ਕਦੇ ਨਹੀਂ ਚੱਲਣ ਦੇਣਗੇ। ਓਸ਼ੋ ਦੀ ਕਹੀ ਇਹ ਗੱਲ ਕਈ ਯੁੱਗਾਂ ਤੋਂ ਅਮਲ ਵਿੱਚ ਸੱਚੀ ਸਾਬਤ ਹੁੰਦੀ ਰਹੀ ਹੈ, ਅੱਜ ਵੀ ਸੱਚ ਸਾਬਤ ਹੁੰਦੀ ਹੈ। ਅਸੀਂ ਉਸ ਵਕਤ ਦੀ ਉਡੀਕ ਕਰ ਸਕਦੇ ਹਾਂ ਤੇ ਸਿਦਕ-ਦਿਲੀ ਨਾਲ ਉਡੀਕ ਕਰ ਸਕਦੇ ਹਾਂ, ਜਦੋਂ ਕੋਈ ਰਹਿਬਰ ਆਵੇ ਤਾਂ ਇਹੋ ਜਿਹੇ ਸਾਊ ਦਿੱਖ ਵਾਲੇ ਘਾਗਾਂ ਦਾ ਘੇਰਾ ਤੋੜ ਕੇ ਲੋਕਾਂ ਲਈ ਕੁਝ ਕਰ ਸਕੇ। ਉਸ ਵਕਤ ਤੱਕ ਇਹ ਸੜਕ ਕਿਸੇ ਪਾਸੇ ਨਹੀਂ ਜਾਣੀ, ਏਥੇ ਦੀ ਏਥੇ ਰਹੇਗੀ, ਇਸ ਤੋਂ ਲੰਘਣ ਵਾਲੇ ਲੰਘਦੇ ਰਹਿਣਗੇ ਤੇ ਦੇਸ਼ ਵੀ ਓਦਾਂ ਦਾ ਓਦਾਂ ਹੀ ਸਮੇਂ ਦੇ ਕੈਲੰਡਰ ਦੇ ਵਰਕੇ ਉਥੱਲਦਾ ਰਹੇਗਾ, ਲੀਡਰ ਮਜ਼ੇ ਮਾਣਦੇ ਰਹਿਣਗੇ, ਪਤਾ ਨਹੀਂ ਕਦੋਂ ਤੱਕ!



# ਮੇਰਾ ਬਾਬਾ ਨਾਨਕ ਅਦੁੱਤੀ ਰੱਬੀ ਦੂਤ



ਅਮਰਜੀਤ ਕੌਰ, ਸਟੇਟ ਐਵਾਰਡੀ, ਸੇਵਾ ਮੁਕਤ ਮੁੱਖ ਅਧਿਆਪਕਾ

ਗੁਰੂ ਨਾਨਕ ਦੇਵ ਜੀ ਅਦੁੱਤੀ ਤੇ ਲਾਸਾਨੀ ਹਨ। ਮੈਂ ਸੋਚਿਆ ਕਿ 'ਹਨ'ਦੀ ਵਰਤੋਂ ਮੈਂ ਸ਼ਾਇਦ ਗਲਤੀ ਨਾਲ ਕਰ ਦਿੱਤੀ ਹੈ,ਪਰ ਨਹੀਂ ,ਕਿਉਂਕਿ ਗੁਰੂ ਨਾਨਕ ਦੇਵ ਜੀ ਦੇ ਵਿਚਾਰ
ਅਤੇ ਸਿਖਿਆਂਵਾ ਅੱਜ ਵੀ ਸਾਡਾ ਮਾਰਗ ਦਰਸ਼ਨ ਕਰ ਰਹੇ ਹਨ ਸੋ 'ਹਨ' ਸ਼ਬਦ ਉਚਿੱਤ ਹੀ ਹੈ। ਗੁਰੂ ਨਾਨਕ ਦੇਵ ਜੀ ਸਰੀਰਕ ਰੂਪ ਵਿੱਚ ਭਾਂਵੇ ਇਸ ਸੰਸਾਰ ਵਿੱਚ ਅੱਜ ਤੋਂ 555
ਸਾਲ ਪਹਿਲਾਂ ਅਵਤਰਿਤ ਹੋਏ ਸਨ ਪਰ ਅੱਜ ਵੀ ਇਸ ਤਰਾਂ ਲੱਗਦਾ ਹੈ ਕਿ
ਆਪਣੇ ਵਿਵਹਾਰ ਅਤੇ ਯਤਨਾਂ ਸਦਕਾ ਸਾਡੇ ਵਿੱਚ ਹੀ ਮੌਜੂਦ ਹਨ।

ਗੁਰੂ ਨਾਨਕ ਦੇਵ ਜੀ ਨੇ ਸਾਨੂੰ ਪ੍ਰਮਾਤਮਾ ਬਾਰੇ ਜਾਣਕਾਰੀ ਦਿੱਤੀ। ਉਹਨਾਂ ਨੇ ਸਮਝਾਇਆ ਕਿ ਪ੍ਰਮਾਤਮਾ ਕੋਈ ਵਿਅਕਤੀ ਨਹੀਂ ਹੈ ਸਗੋਂ ਇੱਕ ਅਜਿਹੀ ਸ਼ਕਤੀ ਹੈ
ਜਿਸ ਦੀ ਤੁਲਨਾ ਵਿੱਚ ਕੋਈ ਹੋਰ ਸ਼ਕਤੀ ਨਹੀਂ ਹੋ ਸਕਦੀ। ਇੱਕ ਓਂਕਾਰ ਸ਼ਬਦ ਦਾ ਉਚਾਰਣ ਸਭ ਤੋਂ ਪਹਿਲਾਂ ਗੁਰੂ ਜੀ ਨੇ ਕੀਤਾ ਤੇ ਸਮਝਾਇਆ ਕਿ ਸਿਰਫ ਪ੍ਰਮਾਤਮਾ ਹੀ ਹੈ
ਜੋ ਇਸ ਸੰਸਾਰ ਨੂੰ ਕੰਟਰੋਲ ਕਰ ਰਿਹਾ ਹੈ । ਇਕ ਮੂਲਮੰਤਰ ਦੱਸਿਆ ਜੋ ਇਸਤਰਾਂ ਹੈ

ਕਰਤਾ ਪੁਰਖ ਨਿਰਭਓ ਨਿਰਵੈਰ ਅਕਾਲ ਮੂਰਤਿ ਅਜੂਨੀ ਸੈ ਭੰਗ ਗੁਰ ਪ੍ਰਸਾਦਿ। ਆਦਿ ਸਚੁ ,ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ। ਅਰਥਾਤਇਕ ਪ੍ਰਮਾਤਮਾ ਹੀ ਹੈ, ਜੋ ਕਰਤਾ ਪੁਰਖ ਹੈ, ਭੈ ਰਹਿਤ ਹੈ, ਕਿਸੇ ਨਾਲ ਵੈਰ ਨਹੀਂ ਹੈ,ਕਾਲ ਰਹਿਤ ਹੈ ਬਾਰ ਬਾਰ ਜਨਮ ਨਹੀਂ ਲੈਂਦਾ ਅਤੇ ਇਸ ਦਾ ਆਪਣਾ ਹੀ ਪ੍ਰਕਾਸ਼ ਹੈ। ਇਹ ਗੁਰੂ ਦੀ ਕ੍ਰਿਪਾ ਨਾਲ ਹੀ ਮਿਲ ਸਕਦਾ ਹੈ। ਪਰ ਅਫ਼ਸੋਸ ਕਿ ਅਸੀਂ ਇਸ ਨੂੰ ਚੰਗੀ ਤਰਾਂ ਸਮਝ ਨਹੀਂ ਰਹੇ।
ਗੁਰੂ ਜੀ ਇਕ ਦ੍ਰਿੜ ਇਰਾਦੇ ਵਾਲੀ ਸ਼ਖਸ਼ੀਅਤ ਦੇ ਮਾਲਿਕ ਸਨ। ਓਹਨਾਂ ਨੂੰ ਜੋ ਠੀਕ ਲੱਗਦਾ ਸੀ ਉਹ
ਉਸੇ ਤਰਾਂ ਕਰਦੇ ਸਨ। ਉਹ ਆਪਣੇ ਵਿਚਾਰ ਕਿਸੇ ਤੇ ਵੀ ਥੋਪਦੇ ਨਹੀਂ ਸਨ ਪਰ ਇਸ
ਤਰੀਕੇ ਨਾਲ ਵਿਆਖਿਆ ਕਰਦੇ ਸਨ ਕਿ ਸੁਣਨ ਵਾਲਾ ਆਪੇ ਹੀ ਸਮਝ ਲੈਂਦਾ ਤੇ ਮੰਨਣ ਵਾਸਤੇ ਆਪਣੇ ਆਪ ਨੂੰ ਆਪੇ ਹੀ ਤਿਆਰ ਕਰ ਲੈਂਦਾ। ਹੁਣ ਤਾ ਬਹੁਤ ਸਾਲ ਹੋ ਗਏ ਹਨ ਉਹਨਾਂ ਦੇ ਜੀਵਨ ਦੀਆਂ ਘਟਨਾਂਵਾਂ ਨੂੰ ਪੜ੍ਹਦੇ ਸੁਣਦੇ ਹੋਏ। ਬਚਪਨ ਵਿੱਚ ਪਾਂਧੇ ਕੋਲ ਪੜ੍ਹਨਾ,ਵੈਦ ਨੂੰ ਰੋਗ ਦੀ ਸਹੀ ਪਛਾਣ ਕਰਨ ਉਪਰੰਤ ਸਹੀ ਦਵਾਈ ਦੇਣ ਬਾਰੇ ਅਤੇ ਪੰਡਿਤ ਨੂੰਸਹੀ ਜਨੇਊ ਪਹਿਨਾਉਣ ਬਾਰੇ ਅਤੇ ਕਈ ਹੋਰ ਵੀ। ਖਰਾ ਸੌਦਾ ਕਰਨਾ ਪਿਤਾ ਤੋਂ ਡਰ ਕੇ ਲੁੱਕ ਜਾਣਾ ਦਰਸਾਉਂਦਾ ਹੈ ਕਿ ਆਪਣੇ ਪਿਤਾ ਦਾ ਬਹੁਤ ਸਤਿਕਾਰ ਕਰਦੇ ਸਨ।

ਕਿਹਾ ਜਾਦਾ ਹੈ ਉਹਨਾਂ ਦੇ ਇਸ ਰੱਬੀ ਦੂਤ ਦੇ ਰੂਪ ਨੂੰ ਉਹਨਾਂ ਦੀ ਭੈਣ ਨੇ ਅਤੇ ਰਾਇ ਬੁਲਾਰ ਨੇ ਚੰਗੀ ਤਰ੍ਹਾਂ ਪਛਾਣ ਲਿਆ ਸੀ। ਉਹਨਾਂ ਦੇ ਜੀਵਨ ਦੀਆਂ ਬਹੁਤ ਸਾਰੀਆਂ ਘਟਨਾਂਵਾਂ ਨੇ ਉਹਨਾਂ ਦੇ ਇਸ ਰੂਪ ਦੀ ਪ੍ਰੋੜਤਾ ਵੀ ਕੀਤੀ ਹੈ ਅਤੇ ਜਿਹਨਾਂ ਬਾਰੇ ਸਾਡੇ ਵਿਚੋਂ ਬਹੁਤਿਆਂ ਨੂੰ ਪਤਾ ਵੀ ਹੈ। ਫਿਰ ਉਹ ਜਵਾਨੀ ਵਿੱਚ ਹੀ ਪ੍ਰਮਾਤਮਾਵਲੋਂ ਲੱਗੀ ਡਿਊਟੀ ਨੂੰ ਪੂਰਾ ਕਰਨ ਵਾਸਤੇ ਘਰ ਬਾਰ ਤਿਆਗ ਕੇ ਲੰਬੀ ਯਾਤਰਾ ਵਾਸਤੇ ਚੱਲ
ਪੈਂਦੇ ਹਨ। ਉਹਨਾਂ ਦੀ ਇਸ ਯਾਤਰਾ ਨੂੰ ਉਦਾਸੀਆਂ ਦਾ ਨਾਮ ਦਿੱਤਾ ਗਿਆ ਹੈ। ਉਦੋਂ ਕੋਈ
ਬੱਸਾਂ,ਕਾਰਾਂ ਜਾਂ ਗੱਡੀਆਂ ਤਾਂ ਹੁੰਦੀਆਂ ਨਹੀਂ ਸਨ ਉਹਨਾਂ ਦੀ ਸ਼ਕਤੀ ਦਾ ਅੰਦਾਜ਼ਾ ਤਾ ਇਥੋਂ ਹੀ ਲੱਗ ਜਾਂਦਾ ਹੈ ਕਿ ਉਹ ਇਤਨੇ ਕੋਹ ਜਾਂ ਮੀਲ ਪੈਦਲ ਹੀ ਚੱਲੇ ਸਨ।

ਉਹਨਾਂ ਨੇ ਲੋਕਾਂ ਦੇ ਬਹੁਤ ਭਰਮ ਭੁਲੇਖੇ ਦੂਰ ਕੀਤੇ। ਉਹਨਾਂ ਦੁਆਰਾ ਰਚਿਤ ਬਾਣੀ ਵਿੱਚੋਂ ਵੀ ਸਭ ਝਲਕਦਾ ਹੈ। ਬਹੁਤ ਕੁਝ ਸਾਖੀਆਂ ਵਿੱਚ ਵੀ ਪੜ੍ਹਿਆ ਜਾ ਸਕਦਾ ਹੈ। ਸਭ ਕੁਝ ਤਾਂ ਇੱਥੇਲਿੱਖਣਾ ਅਸੰਭਵ ਹੈ ਪਰ ਫਿਰ ਵੀ ਥੋੜਾ ਜਿਹਾ ਉਪਰਾਲਾ ਕਰਨ ਦਾਯਤਨ ਤਾਂ ਕੀਤਾ ਗਿਆ ਹੈ ਇਸ ਲੇਖ ਵਿੱਚ।

ਜਿਵੇਂ ਇਹ ਆਮ ਹੀ ਪ੍ਰਚਲਿਤ ਸੀ ਕਿ ਇਹ ਧਰਤੀ ਇੱਕ ਬਲੱਦ ਦੇ ਸਿੰਗਾਂ ਉਪਰ

ਟਿਕੀ ਹੋਈਹੈ,ਗੁਰੂ ਜੀ ਸਮਝਾ ਰਹੇ ਹਨ ਇਸਤਰਾਂਮੁਮਕਿਨ ਨਹੀਂ ਹੈ ਕਿਉਂਕਿ ਜੇ ਮੰਨ ਵੀ ਲਈਏ ਕਿ ਇਸਤਰਾਂ ਹੈ ਤਾਂ ਉਸ ਬਲੱਦ ਨੂੰ ਪੈਰ ਰੱਖਣ ਵਾਸਤੇ ਕਿਸੇ ਹੋਰ ਧਰਤੀ ਦੀ ਲੋੜ ਹੈ ਤੇ ਇਸਤਰਾਂ ਕਿੰਨੀਆਂ ਧਰਤੀਆਂ ਦੀ ਲੋੜ ਹੈ। ਉਹ ਫਰਮਾਉਂਦੇ ਹਨ ਕਿ ਜੇ ਧਰਤੀ ਟਿਕੀ ਹੋਈ ਹੈ ਉਹ ਸਿਰਫ ਇਸ ਕਰਕੇ ਹੀ ਹੈ ਕਿ ਉਹ ਬਲੱਦ ਹੋਰ ਕੁਝ ਨਹੀਂ ਲੋਕਾਂ ਦਾ ਧਰਮ ਨੂੰ ਮੰਨਣਾ,ਮਨ ਵਿੱਚ ਦਇਆ ਦਾ ਹੋਣਾ ਤੇ ਲੋਕਾਂ ਦਾ ਸਬਰ ਸੰਤੋਖ ਨਾਲ ਜੀਊਣਾ।
ਸ਼ਬਦ ਹੈ ਧੌਲ ਧਰਮ ਦਇਆ ਕਾ ਪੂਤ ਸੰਤੋਖ ਥਾਪ ਰੱਖਿਆ ______।
ਇੱਕ ਹੋਰ ਸ਼ਬਦ ਵਿੱਚ ਗੁਰੂ ਜੀ ਸਮਝਾ ਰਹੇ ਹਨ ਕਿ ਹਰ ਇੱਕ ਨੂੰ ਆਪਣੇ ਆਪਣੇ ਕਰਮਾਂ ਦਾ ਫਲ ਭੁਗਤਣਾ ਪੈਂਦਾ ਹੈ ਪੁੰਨੀ ਪਾਪੀ ਆਖਣੁਨਾਹਿ________ਅਰਥਾਤ ਪੁੰਨ ਤੇ ਪਾਪ ਸਿਰਫ ਆਖਣ ਨੂੰ ਹੀ ਦੋ ਸ਼ਬਦ ਨਹੀਂ ਹਨ । ਜੇ ਪਾਪ ਕਰਦੇ ਰਹਾਂਗੇ ਤਾਂ ਇਹ ਜਮ੍ਹਾਂ ਹੁੰਦੇ ਰਹਿੰਦੇ ਹਨ ਤੇ ਸਾਡੀ ਆਤਮਾ ਉਪਰ ਉਕਰੇ ਜਾਂਦੇ ਹਨ ਤੇ ਸਾਨੂੰਆਪ ਨੂੰ
ਹੀ ਭੁਗਤਣੇ ਪੈਂਦੇ ਹਨ ਸੋ ਅਸੀਂ ਆਪਣਾ ਬੀਜਿਆ ਹੋਇਆ ਆਪ ਹੀ ਖਾਣਾ ਹੈ। ਇਸ ਨਾਲ ਸਬੰਧਿਤ ਹੋਰ ਵੀ ਬਹੁਤ ਸ਼ਬਦ ਹਨ ਸਾਰਿਆਂ ਦਾ ਜਿਕਰ ਕਰਨਾ ਸਭੰਵਨਹੀਂ। ਅਗਲਾ ਸ਼ਬਦ ਹੈ ਉਸ ਵਹਿਮ ਨੂੰ ਦੂਰ ਕਰਦਾ ਹੈ ਕਿ ਬ੍ਰਹਮਾ ਪੈਦਾ ਕਰਦਾ ਹੈ,ਵਿਸ਼ਨੂੰ ਪਾਲਣਾ ਕਰਦਾ ਹੈ ਤੇ ਸ਼ੰਕਰ ਨਸ਼ਟ ਕਰਦਾ ਹੈ ਪਰ ਗੁਰੂ ਜੀ ਦੇ ਅਨੁਸਾਰ ਇਹ ਸਭ ਕੁਝ ਪ੍ਰਮਾਤਮਾ ਦੇ ਹੱਥ ਹੀ ਹੈ। ਇੱਥੇ ਅੰਗਰੇਜੀ ਦੇ ਅੱਖਰਾਂ ਦੀ ਵਰਤੋਂ ਕਰਾਂਗੀ।

, .ਕੁਝ ਸ਼ਬਦ ਮੈਂ ਆਸਾ ਦੀ ਵਾਰ ਵਿਚੋਂ ਲਵਾਂਗੀ । ਪਹਿਲਾ ਹੈ ਜਿਸ ਵਿੱਚ ਗੁਰੂ ਜੀ ਨੇ ਸਮਝਾਇਆ ਹੈ ਕਿ ਚਾਰ ਯੁਗਾਂ ਦਾ ਜੋ ਵਰਨਣ ਕੀਤਾ ਜਾਂਦਾ ਹੈ ਕਿ ਪਹਿਲਾਂ ਸਤਯੁਗ,ਫਿਰਤ੍ਰੇਤਾ,ਫਿਰ ਦੁਆਪਰ ਤੇ ਹੁਣ ਕਲਿਯੁਗਹੈ। ਗੁਰੂ ਜੀ ਕਹਿੰਦੇ ਹਨ ਕਿ ਇਹ ਸਾਰੇ ਯੁਗ ਲੋਕਾਂ ਦੇ ਸੋਚਣ ਅਤੇ ਵਰਤਾਓ ਉਪਰ ਨਿਰਭਰ ਕਰਦਾ ਹੈ। ਮਨੁੱਖ ਦਾ ਵਿਓਹਾਰ ਉਸ ਦੀ ਆਤਮਾ ਦੇ ਸੰਸਕਾਰਾਂ ਉਪਰ ਨਿਰਭਰ ਕਰਦਾ ਹੈ। ਆਤਮਾ ਵਿੱਚ ਮਨ ਅਤੇ ਬੁੱਧੀ ਨਾਂ ਦੇ ਦੋ ਹਿੱਸੇਦਾਰ ਹੁੰਦੇ ਹਨ। ਇਹਨਾਂ ਵਿਚੋਂ ਇੱਕ ਨੂੰ ਰੱਥ ਕਹਿੰਦੇ ਹਨ ਤੇ ਦੂਜੇ ਨੂੰ ਰੱਥਵਾਹ ਕਿਹਾ ਜਾਂਦਾ ਹੈ। ਰੱਥ ਨੇ ਉੱਧਰ ਹੀ ਜਾਣਾ ਹੁੰਦਾ ਹੈ ਜਿਧਰ ਰੱਥਵਾਹ ਲੈ ਜਾਵੇ। ਇਹਮਨ ਦੀ ਚੰਚਲਤਾ ਤੇ ਬੁੱਧੀ ਦੀ ਨਿਰਣੈ ਸ਼ਕਤੀ ਦਾ ਨਤੀਜਾ ਹੁੰਦਾ ਹੈ। ਦੋਨਾਂ ਦਾ ਆਪਸੀ ਤਾਲਮੇਲ ਜਾਂ ਅਣਬਣ ਹੀ ਮਨੁੱਖੀ ਵਤੀਰੇ ਦਾ ਫੈਸਲਾ ਕਰਦੇ ਹਨ। ਨੈਤਿਕ ਸਿਧਾਂਤਰੱਥ ਅਤੇ ਦਾਰਸ਼ਨਿਕ ਸਿਧਾਂਤਰੱਥਵਾਹਮੰਨੇ ਗਏ ਹਨ। ਸਤਿਯੁਗ ਵਿੱਚ ਮਨ ਧਰਮ ਦੀ ਰਾਹ ਤੇ ਸਬਰ ਸੰਤੋਖ ਨਾਲ ਚਲਦਾ ਹੈ ਤੇ ਬੁੱਧੀ ਇਸ ਦੇ ਹੱਕ ਵਿੱਚ ਨਿਰਣੈ ਕਰਦੀ ਹੈ। ਤ੍ਰੇਤਾ ਯੁਗ ਵਿੱਚ ਮਨ ਵਿੱਚ ਬਹਾਦੁਰੀ ਦਾ ਜਜ਼ਬਾ ਹੁੰਦਾ ਹੈ ਕੋਈ ਵਿਕਾਰ ਨਹੀਂ ਹੁੰਦਾ ਬੁੱਧੀ ਜਤੀ ਹੋ ਕੇ ਬ੍ਰਹਮਚਾਰੀ ਜੀਵਨ ਵਲ ਸੰਕੇਤ ਕਰਦੀ ਹੈਦੁਆਪਰ ਯੁਗ ਵੇਲੇ ਮਨ ਵਿੱਚ ਵਿਕਾਰ ਅਰਥਾਤ ਕਾਮ,ਕ੍ਰੋਧ,ਲਾਲਚ,ਮੋਹ ਤੇ ਹੰਕਾਰ ਪੈਦਾ ਹੋ ਜਾਂਦੇ ਹਨ ਤੇ ਬੁੱਧੀ ਮਨੁੱਖ ਨੂੰ ਆਪਣੀਆਂ ਗਿਆਨ ਇੰਦਰੀਆਂ ਨੂੰ ਨਿਯੰਤਰਣ ਕਰਨ ਵੱਲ ਪ੍ਰੇਰਦੀਹੈ। ਇਸ ਵਾਸਤੇ ਮਨ ਕਈ ਹੱਠ ,ਤਪ ਯੋਗ ਕਰਦਾ ਹੈ ਦਾਨ ਪੁੰਨ ਕਰਦਾ ਹੈ ਆਪਣਾ ਆਚਰਣ ਠੀਕ ਕਰਨ ਅਤੇ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਪਰ ਜਦੋਂ ਮਨ ਦੀ ਤ੍ਰਿਸ਼ਨਾ ਹੱਦੋਂ ਬਾਹਰ ਹੋ ਜਾਵੇ ਤੇ ਵਿਕਾਰਾਂ ਦੀ ਅਗਨੀ ਵਿੱਚ ਸੜਨਾ ਸ਼ੁਰੂ ਹੋ ਜਾਵੇ ਤੇ ਰੱਥਵਾਹ (ਬੁੱਧੀ)ਵੀ ਝੂਠ,ਠੱਗੀਠੋਰੀ, ਈਰਖਾ ਤੇ ਫਰੇਬ ਦੇ ਨਿਰਣੈਸੁਣਾਉਣ ਲੱਗ ਜਾਵੇ ਤਾਂ ਇਸ ਯੁੱਗ ਨੂੰ ਕਲਯੁਗ ਕਿਹਾ ਜਾਂਦਾ ਹੈ ਜੋ ਕਿ ਅੱਜ ਦੇ ਸਮੇਂ ਚੱਲ ਰਿਹਾ ਹੈ। ਸ਼ਬਦਇਸਤਰਾਂ ਹੈ ਸਤਿਯੁਗਰੱਥ ਸੰਤੋਖ ਕਾ ਧਰਮ ਅੱਗੇ ਰੱਥਵਾਹ_________ਰੱਥਅਗਨਿ ਕਾ ਕੂੜ ਅੱਗੇ ਰੱਥਵਾਹ।

ਗੁਰੂ ਜੀ ਕਹਿੰਦੇ ਹਨ ਕਿ ਸੱਚ ਦੀ ਸਮਝ ਵੀ ਤਦ ਹੀ ਲੱਗਦੀ ਹੈ ਜੇ ਤੁਹਾਡਾ
ਮਨ ਸੱਚਾ ਹੋਵੇ । ਸਚ ਤਾ ਫਿਰ ਜਾਣੀਐ ਜੇ ਰਿਧੈਸਚਾਹੋਏ। ਗੁਰੂ ਜੀ ਨੇ ਨਿਧੜਕ ਹੋ ਕੇ
ਸਮਕਾਲੀ ਰਾਜ ਪ੍ਰਬੰਧ ਨੂੰ ਬਹੁਤ ਕੋਸਿਆ। ਲੋਕਾਂ ਨੂੰ ਤੰਗ ਕਰਨ ਵਾਲਾ ਕਿਹਾ। ਖ਼ੂਨ ਚੂਸਣ
ਵਾਲਾ ਦੱਸਿਆ। ਹੋਰ ਵੀ ਬਹੁਤ ਵਿਗਾੜ ਸਨ ਉਸ ਸਮੇਂ ਲੋਕਾਂ ਵਿੱਚ। ਗੁਰੂ ਜੀ ਨੇ ਕਿਹਾ ਕਿ ਸਰੀਰਕ ਅਤੇ ਲਿਬਾਸ ਦੀ ਗੰਦਗੀ ਤਾਂ ਸਾਬਣ ਨਾਲ ਧੋਕੇ ਦੂਰ ਕੀਤੀ ਜਾ ਸਕਦੀ ਹੈ ਪਰ ਮਨ ਦੀ ਮੈਲ ਵਾਲੀ ਮਲੀਨਤਾ ਤਾਂ ਸਿਰਫ ਤੇ ਸਿਰਫ ਪ੍ਰਮਾਤਮਾ ਦਾ ਨਾਮ ਜਪ ਕੇ ਹੀ ਖ਼ਤਮ ਕੀਤੀ ਜਾ ਸਕਦੀ ਹੈ।

ਗੁਰੂ ਜੀ ਹਮੇਸ਼ਾ ਆਪਣੇ ਆਪ ਨੂੰ ਰੱਬ ਨੂੰ ਆਪਣਾ ਮਾਲਿਕ ਹੀ ਸਮਝਦੇ ਸਨ । ਕੋਈ ਵੀ ਸ਼ਬਦ ਉਚਾਰਣ ਤੋਂ ਪਹਿਲਾਂ ਉਹ ਕਿਹਾ ਕਰਦੇ ਸਨ ਜੈਸੀ ਮੈਂ ਆਵੈ ਖਸਮ ਕੀ ਬਾਣੀ
ਤੈਸੜਾ ਕਰੀਂ ਗਿਆਨ ਵੇ ਲਾਲੋ! ਉਹਨਾਂ ਦਾ ਜੀਵਨ ਸਿਰਫ ਕਹਿਣ ਨੂੰ ਹੀ ਨਹੀਂ ਹੁੰਦਾ
ਸੀ ਸਗੋਂ ਉਸ ਨੂੰ ਅਮਲੀ ਜਾਮਾ ਪਹਿਨਾਉਂਦੇ ਸੀ। ਉਹਨਾਂ ਦੇ ਜੀਵਨ ਸਿਧਾਂਤ ਸਨ ;
ਨਾਮ ਜੱਪਣਾ,ਕਿਰਤ ਕਰਨਾ ਤੇ ਵੰਡ ਛੱਕਣਾ। ਆਪ ਜੀ ਨੇ ਆਪਣੇ ਅਧਿਆਤਮਕ
ਫਰਜਾਂ ਨੂੰ ਪੂਰਾ ਕਰਨ ਉਪਰੰਤ ਜੀਵਨ ਦਾ ਅੰਤਲਾ ਭਾਗ ਕਰਤਾਰਪੁਰ ਵਿਖੇ ਸਾਦਗੀ ਨਾਲ ਬਤੀਤ ਕੀਤਾ

ਅਸੀਂ ਬੜੇ ਭਾਗਾਂ ਵਾਲੇ ਹਾਂ ਕਿ ਇਸਤਰਾਂ ਦੇ ਮਹਾਂਪੁਰਸ਼ਾਂ ਨੇ ਜਿਸ ਧਰਤੀ ਉਪਰ ਜਨਮ ਲਿਆ ਉਸੇ ਧਰਤੀ ਉਪਰ ਸਾਡੀ ਪੈਦਾਇਸ਼ ਹੋਈ ਹੈ। ਸੋ ਸਾਡਾ ਵੀ ਫਰਜ਼ ਬਣਦਾ ਹੈ ਕਿ ਆਪਾਂ ਉਹਨਾਂ ਦੀਆਂ ਸਿਖਿਆਵਾਂ ਉਪਰ ਚਲਦੇ ਹੋਏ ਆਪਣਾ ਜਨਮ ਸੁਹੇਲਾ ਕਰੀਏ !

# ਬਰਨਆਊਟ ਦੇ ਚੱਕਰ ਨੂੰ ਤੋੜਨਾ

ਵਿਜੇ ਗਰਗ (ਸੇਵਾਮੁਕਤ ਪ੍ਰਿੰਸੀਪਲ)



ਬਹੁਤ ਸਾਰੇ ਅਧਿਐਨਾਂ ਨੇ ਪਾਇਆ ਕਿ ਉੱਚ ਨੌਕਰੀ ਦੀ ਮੰਗ, ਘੱਟ ਨਿਯੰਤਰਣ, ਘੱਟ ਸਮਾਜਿਕ ਸਹਾਇਤਾ ਅਤੇ ਨੌਕਰੀ ਦੀ ਅਸੁਰੱਖਿਆ ਕੰਮ ਵਾਲੀ ਥਾਂ 'ਤੇ ਉਦਾਸੀ ਲਈ ਮਹੱਤਵਪੂਰਣ ਜੋਖਮ ਦੇ ਕਾਰਕ ਹਨ, ਜਦੋਂ ਕਿ ਬਹੁਤ ਜ਼ਿਆਦਾ ਕੰਮ ਦਾ ਬੋਝ, ਨਿਯੰਤਰਣ ਦੀ ਘਾਟ, ਕੰਮ-ਜੀਵਨ ਦਾ ਮਾੜਾ ਸੰਤੁਲਨ ਅਤੇ ਅਸਮਰਥ ਕੰਮ ਦੇ ਵਾਤਾਵਰਣ ਵਰਗੇ ਕਾਰਕ ਬਰਨਆਊਟ ਨੂੰ ਚਾਲੂ ਕਰਦੇ ਹਨ। ਹਾਲ ਹੀ ਦੇ ਸਾਲਾਂ ਵਿੱਚ ਇਹਨਾਂ ਸਾਰੇ ਖੇਤਰਾਂ ਵਿੱਚ ਖੋਜ ਵਿੱਚ ਕਾਫੀ ਵਾਧਾ ਹੋਇਆ ਹੈ, ਜੋ ਕਿ ਇਹ ਮਾਨਸਿਕ ਸਿਹਤ ਚੁਣੌਤੀਆਂ ਵਿਅਕਤੀਗਤ ਕਰਮਚਾਰੀਆਂ ਅਤੇ ਸੰਸਥਾਵਾਂ ਨੂੰ ਕਿਵੇਂ ਪ੍ਰਭਾਵਤ ਕਰਦੀਆਂ ਹਨ ਇਸ ਬਾਰੇ ਕੀਮਤੀ ਸੂਝ ਜ਼ਾਹਰ ਕਰਦੀਆਂ ਹਨ। ਅੱਜ ਦੇ ਤੇਜ਼-ਰਫ਼ਤਾਰ ਅਤੇ ਉੱਚ-ਦਬਾਅ ਵਾਲੇ ਕੰਮ ਦੇ ਮਾਹੌਲ ਵਿੱਚ, ਬਰਨਆਊਟ ਅਤੇ ਡਿਪਰੈਸ਼ਨ ਸਾਰੇ ਉਦਯੋਗਾਂ ਵਿੱਚ ਕਰਮਚਾਰੀਆਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਪ੍ਰਚਲਿਤ ਚੁਣੌਤੀਆਂ ਬਣ ਗਈਆਂ ਹਨ। ਜਦੋਂ ਕਿ ਬਰਨਆਉਟ ਅਕਸਰ ਥਕਾਵਟ, ਸਨਕੀ ਅਤੇ ਘਟੀ ਹੋਈ ਪ੍ਰਾਪਤੀ ਦੀ ਭਾਵਨਾ, ਦੂਜੇ ਪਾਸੇ ਉਦਾਸੀ, ਇੱਕ ਮਾਨਸਿਕ ਸਿਹਤ ਵਿਕਾਰ ਹੈ ਜੋ ਲਗਾਤਾਰ ਉਦਾਸੀ, ਪ੍ਰੇਰਣਾ ਦੀ ਘਾਟ ਅਤੇ ਨਿਰਾਸ਼ਾ ਦੀਆਂ ਭਾਵਨਾਵਾਂ ਦੁਆਰਾ ਦਰਸਾਇਆ ਗਿਆ ਹੈ ਜੋ ਕਿ ਸਾਰੇ ਖੇਤਰਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਇੱਕ ਵਿਅਕਤੀ ਦੇ ਜੀਵਨ ਦਾ.

ਦੋਵੇਂ ਕਰਮਚਾਰੀਆਂ ਦੀ ਭਲਾਈ, ਕਾਰਜ ਸਥਾਨ ਦੀ ਉਤਪਾਦਕਤਾ ਅਤੇ ਸੰਗਠਨਾਤਮਕ ਸਫਲਤਾ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਸਕਦੇ ਹਨ। ਕੰਮ ਵਾਲੀ ਥਾਂ 'ਤੇ ਬਰਨਆਉਟ ਅਤੇ ਡਿਪਰੈਸ਼ਨ ਆਮ ਤੌਰ 'ਤੇ ਆਧੁਨਿਕ ਕੰਮ ਦੀਆਂ ਸਥਿਤੀਆਂ ਅਤੇ ਉਮੀਦਾਂ ਜਿਵੇਂ ਕਿ ਬਹੁਤ ਜ਼ਿਆਦਾ ਕੰਮ ਦਾ ਬੋਝ ਅਤੇ ਅਸਥਾਈ ਉਮੀਦਾਂ, ਨਿਯੰਤਰਣ ਅਤੇ ਖੁਦਮੁਖਤਿਆਰੀ ਦੀ ਘਾਟ, ਕੰਮ-ਜੀਵਨ ਦਾ ਮਾੜਾ ਸੰਤੁਲਨ, ਜ਼ਹਿਰੀਲਾ ਕੰਮ ਦਾ ਮਾਹੌਲ ਅਤੇ ਨਾਕਾਫ਼ੀ ਮਾਨਤਾ ਅਤੇ ਇਨਾਮ ਵਰਗੇ ਕਈ ਕਾਰਕਾਂ ਵਿੱਚ ਜੜ੍ਹਾਂ ਹੁੰਦੀਆਂ ਹਨ। ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਕਿ ਜਦੋਂ ਕਰਮਚਾਰੀਆਂ ਕੋਲ ਠੀਕ ਹੋਣ ਅਤੇ ਰੀਚਾਰਜ ਕਰਨ ਲਈ ਸਮੇਂ ਅਤੇ ਸਰੋਤਾਂ ਦੀ ਘਾਟ ਹੁੰਦੀ ਹੈ ਜਾਂ ਉਹਨਾਂ ਦੇ ਕੰਮ ਵਿੱਚ ਕੋਈ ਇਨਪੁਟ ਨਹੀਂ ਹੁੰਦਾ ਹੈ, ਤਾਂ ਉਹਨਾਂ ਦੀ ਬੇਬਸੀ ਦੀ ਭਾਵਨਾ ਦੋਵਾਂ ਵਿੱਚ ਯੋਗਦਾਨ ਪਾ ਸਕਦੀ ਹੈ, ਉਹ ਬਰਨਆਊਟ ਅਤੇ ਸਮੇਂ ਦੇ ਨਾਲ, ਇੱਥੋਂ ਤੱਕ ਕਿ ਡਿਪਰੈਸ਼ਨ ਲਈ ਵਧੇਰੇ ਸੰਵੇਦਨਸ਼ੀਲ ਹੋ ਜਾਂਦੇ ਹਨ। ਇਸ ਤੋਂ ਇਲਾਵਾ, ਇੱਕ ਵਿਰੋਧੀ ਜਾਂ ਭਰੋਸੇਮੰਦ ਕੰਮ ਦਾ ਮਾਹੌਲ ਕਰਮਚਾਰੀ ਦੇ ਮਨੋਬਲ ਅਤੇ ਮਾਨਸਿਕ ਸਿਹਤ ਨੂੰ ਖਰਾਬ ਕਰ ਸਕਦਾ ਹੈ ਜੋ ਬਰਨਆਉਟ ਵਿੱਚ ਯੋਗਦਾਨ ਪਾਉਂਦਾ ਹੈ ਅਤੇ, ਕੁਝ ਮਾਮਲਿਆਂ ਵਿੱਚ, ਉਦਾਸੀ ਵੀ। ਬਰਨਆਉਟ ਅਤੇ ਡਿਪਰੈਸ਼ਨ ਦਾ ਪ੍ਰਭਾਵ ਵਿਅਕਤੀਗਤ ਦੁੱਖਾਂ ਤੋਂ ਪਰੇ ਹੈ ਅਤੇ ਸਮੁੱਚੇ ਤੌਰ 'ਤੇ ਕੰਮ ਵਾਲੀ ਥਾਂ ਨੂੰ ਪ੍ਰਭਾਵਿਤ ਕਰਦਾ ਹੈ।

ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਉਤਪਾਦਕਤਾ ਨੂੰ ਬਣਾਈ ਰੱਖਣ ਲਈ, ਕਰਮਚਾਰੀ ਬਰਨਆਊਟ ਅਤੇ ਡਿਪਰੈਸ਼ਨ ਦਾ ਅਨੁਭਵ ਕਰਦੇ ਹਨ ਜਿਸ ਦੇ ਨਤੀਜੇ ਵਜੋਂ ਉਤਪਾਦਕਤਾ ਵਿੱਚ ਗਿਰਾਵਟ ਆ ਸਕਦੀ ਹੈ ਜਿਸ ਨਾਲ ਮੁਨਾਫੇ ਅਤੇ ਸਮੁੱਚੀ ਕਾਰਗੁਜ਼ਾਰੀ ਨੂੰ ਪ੍ਰਭਾਵਿਤ ਕੀਤਾ ਜਾ ਸਕਦਾ ਹੈ।

ਇਹ ਅਕਸਰ ਕਿਹਾ ਜਾਂਦਾ ਹੈ ਕਿ ਗੈਰ-ਹਾਜ਼ਰੀ ਅਤੇ ਪੇਸ਼ਕਾਰੀ ਦੋਵਾਂ ਦੇ ਕੰਮ ਵਾਲੀ ਥਾਂ ਦੀ ਉਤਪਾਦਕਤਾ ਅਤੇ ਟੀਮ ਦੇ ਮਨੋਬਲ ਲਈ ਮਹੱਤਵਪੂਰਨ ਪ੍ਰਭਾਵ ਹਨ। ਹੁਣ ਜਦੋਂ ਕਿਸੇ ਸੰਸਥਾ ਦੇ ਅੰਦਰ ਬਰਨਆਉਟ ਅਤੇ ਉਦਾਸੀ ਦੇ ਪੱਧਰ ਉੱਚੇ ਹੁੰਦੇ ਹਨ, ਤਾਂ ਇਹ ਅਸੰਤੁਸ਼ਟੀ ਦਾ ਸੱਭਿਆਚਾਰ ਪੈਦਾ ਕਰੇਗਾ, ਨਤੀਜੇ ਵਜੋਂ ਕਰਮਚਾਰੀਆਂ ਵਿੱਚ ਸ਼ਮੂਲੀਅਤ ਅਤੇ ਵਿਸ਼ਵਾਸ ਦੀ ਕਮੀ ਹੋਵੇਗੀ ਅਤੇ ਨਤੀਜੇ ਵਜੋਂ ਸਹਿਯੋਗ, ਨਵੀਨਤਾ ਅਤੇ ਕੰਪਨੀ ਦੀ ਸਾਖ ਨੂੰ ਨੁਕਸਾਨ ਪਹੁੰਚਾ ਸਕਦਾ ਹੈ, ਜਿਸ ਨਾਲ ਇਹ ਮੁਸ਼ਕਲ ਹੋ ਜਾਵੇਗਾ। ਚੋਟੀ ਦੀ ਪ੍ਰਤਿਭਾ ਨੂੰ ਆਕਰਸ਼ਿਤ ਕਰਨ ਅਤੇ ਬਰਕਰਾਰ ਰੱਖਣ ਲਈ। ਇਹ ਕਰਮਚਾਰੀਆਂ ਨੂੰ ਇੱਕ ਸਿਹਤਮੰਦ ਕੰਮ ਦੇ ਮਾਹੌਲ ਦੀ ਭਾਲ ਵਿੱਚ ਆਪਣੀਆਂ ਨੌਕਰੀਆਂ ਛੱਡਣ ਲਈ ਪ੍ਰੇਰਿਤ ਕਰੇਗਾ। ਕੰਮ ਵਾਲੀ ਥਾਂ 'ਤੇ ਬਰਨਆਊਟ ਅਤੇ ਡਿਪਰੈਸ਼ਨ ਨੂੰ ਹੱਲ ਕਰਨ ਲਈ ਸੰਗਠਨ ਦੇ ਅੰਦਰ ਢਾਂਚਾਗਤ ਤਬਦੀਲੀਆਂ ਦੇ ਨਾਲ-ਨਾਲ ਵਿਅਕਤੀਗਤ ਯਤਨਾਂ ਦੋਵਾਂ ਦੀ ਲੋੜ ਹੁੰਦੀ ਹੈ।

ਇੱਕ ਸੱਭਿਆਚਾਰ ਬਣਾ ਕੇ ਜਿੱਥੇ ਰੁਜ਼ਗਾਰਦਾਤਾ ਇੱਕ ਅਜਿਹਾ ਮਾਹੌਲ ਪੈਦਾ ਕਰਦੇ ਹਨ ਜੋ ਖੁੱਲ੍ਹੇ ਸੰਚਾਰ ਦੀ ਕਦਰ ਕਰਦਾ ਹੈ ਅਤੇ ਕਰਮਚਾਰੀ ਕਲੰਕ ਜਾਂ ਬਦਲੇ ਦੇ ਡਰ ਤੋਂ ਬਿਨਾਂ ਚਿੰਤਾਵਾਂ ਪ੍ਰਗਟ ਕਰਦੇ ਹਨ; ਬਰਨਆਉਟ ਅਤੇ ਡਿਪਰੈਸ਼ਨ ਦੇ ਲੱਛਣਾਂ ਦੀ ਪਛਾਣ ਕਰਨ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਜਵਾਬ ਦੇਣ ਲਈ ਪ੍ਰਬੰਧਕਾਂ ਨੂੰ ਸਿਖਲਾਈ; ਪ੍ਰਸ਼ੰਸਾ, ਬੋਨਸ, ਜਾਂ ਹੋਰ ਇਨਾਮਾਂ ਦੁਆਰਾ ਪ੍ਰਸ਼ੰਸਾ ਦੇ ਛੋਟੇ ਸੰਕੇਤ ਪ੍ਰਦਾਨ ਕਰਨ ਨਾਲ ਨੌਕਰੀ ਦੀ ਸੰਤੁਸ਼ਟੀ ਵਿੱਚ ਮਹੱਤਵਪੂਰਨ ਸੁਧਾਰ ਹੋ ਸਕਦਾ ਹੈ, ਅਤੇ ਤਣਾਅ ਅਤੇ ਬਰਨਆਊਟ ਦੀ ਸੰਭਾਵਨਾ ਨੂੰ ਘਟਾਉਣ ਵਿੱਚ ਮਦਦ ਮਿਲਦੀ ਹੈ। ਸੰਸਥਾਵਾਂ ਇੱਕ ਸਿਹਤਮੰਦ, ਵਧੇਰੇ ਲਾਭਕਾਰੀ ਅਤੇ ਵਧੇਰੇ ਟਿਕਾਊ ਕੰਮ ਦਾ ਮਾਹੌਲ ਬਣਾ ਸਕਦੀਆਂ ਹਨ ਜਿੱਥੇ ਕਰਮਚਾਰੀ ਅਤੇ ਕੰਪਨੀ ਤਰੱਕੀ ਕਰ ਸਕਦੇ ਹਨ।






The Mortgage Centre
We work for you, not the lenders.




Debt Consolidation | Renovations & Repairs | Avoiding High penalities

No Credit or becon score check.
No income verifiaction.
Interest payments only.
Pay off high interest debts.
75%-80% LTV.

Must have home equity.....

if you are looking for independent mortgage or protection advice....
We're here to help.
* Competitive rates
* Flexible terms
* Fast approval process

For more information call:
Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5

Rexdale Financial Services

Urgently Need New Listings in Brampton/Caledon
visit: www.teamjagaujla.com



Call JAG AUJLA
MCNE, REAL ESTATE BROKER
DIR: 416-371-7777
j.aujla@rogers.com www.jagaujla.com

CALL JAG FOR A QUICK & FREE HOME EVALUATION
www.BramptonTopRealtor.com www.BramptonTopAgent.com

URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA

SOLD in *BRAMPTON*
Clarkway/Cottrelle/Hwy 50



2100 sq.ft. ਸੈਮੀ-ਡਿਟੈਚਡ ਹਾਊਸ
4+2 ਬੈਡਰੂਮ + 4 ਵਾਸ਼ਰੂਮ
2 ਬੈਡਰੂਮ ਫਿਨੀਸ਼ਡ ਬੇਸਮੈਂਟ
9 ਫੁੱਟ ਸੀਲਿੰਗ,
Quartz ਕਾਊਂਟਰਟੌਪ, 5-ਪੀਸ ਇਨਸੂਇਟ ਅਤੇ His & Her ਕਲੋਜ਼ਿਟ, Laundary on ਮੇਨ ਫਲੋਰ ਅਤੇ ਬੇਸਮੈਂਟ ਵਿੱਚ।
ਸਹੂਲਤਾਂ ਦੇ ਬਹੁਤ ਨੇੜੇ - ਗਰੋਸਰੀ ਸਟੋਰ, Shoppers, Pizza Pizza..

Listed in *MISSISSAUGA*
Burnhamthorpe/Confederation



900-999 sq.ft. ਲੇਕ ਵੀਊ
2 ਬੈਡਰੂਮ + 1 ਵਾਸ਼ਰੂਮ
ਵੱਡੀਆਂ ਕੀਚਨ ਕੇਬਨਿਟ,
ਨਵਾਂ ਪੈਂਟ, ਨਵੇਂ ਲੈਮੀਨੇਟ ਫਲੋਰ,
ਬਹੁਤ ਖੁੱਲੀ ਬਾਲਕੋਨੀ,
2 ਪਾਰਕਿੰਗ (ਲਿਫਟ ਦੇ ਬਿਲੱਕੁਲ ਨੇੜੇ), ਸਾਰੀਆਂ ਸਹੂਲਤਾਂ ਦੇ ਕੋਲ Square One + Celebration Square, Grand Park Plaza, Sheridan College Campus.

Listed in *BRAMPTON*
Bramalea/Queen St/Hwy 7



1301 sq.ft. Corner End-Unit Apartment 3 ਬੈਡਰੂਮ + 2 ਵਾਸ਼ਰੂਮ 1 ਕਾਰ ਪਾਰਕਿੰਗ + ਸਟੋਰੇਜ ਨਾਲ, ਲੈਮੀਨੇਟ ਅਤੇ ਸਿਰਾਮਿਕ ਫਲੋਰ, No ਕਾਰਪੇਟ।
ਬਹੁਤ ਖੁੱਲੀ ਕੀਚਨ
ਮਾਸਟਰ ਬੈਡਰੂਮ ਵਿੱਚ 2-ਪੀਸ ਇਨਸੂਇਟ ਅਤੇ ਖੁੱਲੀ ਕਲੋਜ਼ਿਟ, Walking distance to Bramalea City Centre & more.

Listed in *BRAMPTON*
Bovaird/ Mclaughlin/Fletchers Creek Blvd



2000 sq.ft. ਸੈਮੀ-ਡਿਟੈਚਡ ਹਾਊਸ
4+1 ਬੈਡਰੂਮ + 4 ਵਾਸ਼ਰੂਮ
1 ਬੈਡਰੂਮ ਫਿਨੀਸ਼ਡ ਬੇਸਮੈਂਟ with separate entrance.
Double door entry, ਮਾਸਟਰ ਬੈਡਰੂਮ ਵਿੱਚ 5-ਪੀਸ ਇਨਸੂਇਟ ਅਤੇ ਖੁੱਲੀ ਕਲੋਜ਼ਿਟ, Laundary on 2nd ਫਲੋਰ ਅਤੇ ਬੇਸਮੈਂਟ ਵਿੱਚ। Newly ਅਪਗਰੇਡੀਡ।

FREE
- Full MLS Services
- Consistently Marketing Your Property Until SOLD
- Staging Consultation
- Billboard, Flyer, Newspaper
- Online Promotion
- Professional Pictures and Virtual Tour
- Social media & Radio Advertisement
- Open House Until Sold
- Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)* *Some Conditions Apply.
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
SEPTEMBER 2022

PURBA APPRAISALS INC.

WE PROVIDE RESIDENTIAL REAL ESTATE APPRAISAL SERVICES FOR:



- Mortgage Financing
- Tax/Capital Gain
- Divorce/Separation of Assets
- Litigation Support
- Pre-listing Appraisals

Gurpreet Purba
Broker, CRA
416-669-1423
www.purbahomes.com